# ਰੇਡੀਓ ਲਵੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ ਨੰ. 24

## ਆਲਮੀ ਤਪਸ਼ ਤੇ ਨਵੀਆਂ ਪਨਪਦੀਆਂ ਬੀਮਾਰੀਆਂ – ਖਤਰਾ ਕਿਸ ਨੂੰ?

(Global Warming and Emerging New Diseases)

**ਮੁੱਖ ਖੋਜ ਤੇ ਲੇਖਣ: ਡਾ. ਅਰਵਿੰਦ ਦੂਬੇ**

**ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ**

**(**In this episode we shall find a new drama taking place in Vasudha's house as her brother who was down with Malaria in Nairobi, and for whom Vasudha was very tense, has, as per the assessment of Dr. Shekhar, recovered now and he is coming to India for taking some rest. After reaching India he shall discuss the impact of global warming, on the emerging new diseases and their consequences for human health in different ways directly and indirectly. One of his friends who is of the Indian Origin but is working in World Health Organisation (WHO) there in Nairobi is accompanying him. Their experiences and views shall be presented by way of a dialogue in a family).

(ਇਸ ਕੜੀ ਵਿੱਚ ਅੱਜ ਅਸੀਂ ਸੁਣਾਂਗੇ ਉਹ ਡਰਾਮਾ ਜਿਹੜਾ ਘਟਦਾ ਹੈ ਵਸੁਧਾ ਦੇ ਘਰ ਵਿਖੇ ਕਿਉਂ ਜੋ ਉਸ ਦਾ ਭਰਾ ਜਿਹੜਾ ਨੈਰੋਬੀ ਵਿਖੇ ਮਲੇਰੀਏ ਬੁਖਾਰ ਤੋਂ ਪੀੜਿਤ ਸੀ ਅਤੇ ਜਿਸ ਦੀ ਵਸੁਧਾ ਨੂੰ ਚਿੰਤਾ ਵੱਢ-ਵੱਢ ਖਾ ਰਹੀ ਸੀ ਡਾਕਟਰ ਸ਼ੇਖਰ ਦੇ ਅੰਦਾਜ਼ਿਆਂ ਮੁਤਾਬਕ ਠੀਕ ਹੋ ਗਿਆ ਹੈ ਅਤੇ ਹੁਣ ਉਹ ਕੁਝ ਦੇਰ ਆਰਾਮ ਕਰਨ ਵਾਸਤੇ ਭਾਰਤ ਆ ਰਿਹਾ ਹੈ। ਉਹ ਭਾਰਤ ਪਹੁੰਚ ਕੇ ਹੁਣ ਆਲਮੀ ਤਪਸ਼ ਦੇ ਵਰਤਾਰੇ ਕਾਰਨ ਨਵੀਆਂ ਪਨਪਦੀਆਂ ਬਿਮਾਰੀਆਂ ਬਾਬਤ ਅਤੇ ਉਨ੍ਹਾਂ ਦੇ ਮਨੁੱਖੀ ਸਿਹਤ 'ਤੇ ਵੱਖ-ਵੱਖ ਢੰਗਾਂ ਨਾਲ ਪੈਂਦੇ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਬਾਬਤ ਵਿਚਾਰ ਪੇਸ਼ ਕਰੇਗਾ। ਉਨ੍ਹਾਂ ਦੇ ਨਾਲ, ਉਨ੍ਹਾਂ ਦਾ ਇੱਕ ਮਿੱਤਰ, ਜਿਹੜਾ ਮੂਲ ਰੂਪ ਵਿੱਚ ਭਾਰਤੀ ਹੈ ਅਤੇ ਉਥੇ ਵਿਸ਼ਵ ਸਿਹਤ ਸੰਗਠਨ ਵਿੱਚ ਨੌਕਰੀ ਕਰਦਾ ਹੈ, ਆ ਰਿਹਾ ਹੈ। ਉਨ੍ਹਾਂ ਦੇ ਅਨੁਭਵ ਅਤੇ ਵਿਚਾਰ ਪਰਿਵਾਰ ਵਿੱਚ ਹੋ ਰਹੇ ਇੱਕ ਵਾਰਤਾਲਾਪ ਦੁਆਰਾ ਪੇਸ਼ ਕੀਤੇ ਜਾਣਗੇ)।

### ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

| | |
|---|---|
| **ਕਲਿਆਣੀ** | ਲੜਕੀ |
| **ਵਰਿੰਦਰ** | ਲੜਕਾ |
| **ਸਾਗਰ** | ਕਲਿਆਣੀ ਤੇ ਵਰਿੰਦਰ ਦਾ ਪਿਤਾ/ਪਾਪਾ |
| **ਵਸੁਧਾ** | ਕਲਿਆਣੀ ਤੇ ਵਰਿੰਦਰ ਦੀ ਮਾਂ |
| **ਪ੍ਰਸ਼ਾਂਤ:** | ਵਸੁਧਾ ਦਾ ਭਰਾ |

**ਡਾ. ਸੁਰਿੰਦਰ** : ਪ੍ਰਸ਼ਾਂਤ ਦਾ ਦੋਸਤ ਡਾਕਟਰ; ਸੰਸਾਰ ਸਿਹਤ ਸੰਸਥਾ ਵਿੱਚ ਤੈਨਾਤ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਚੌਵੀਵੀਂ ਕੜੀ 'ਆਲਮੀ ਤਪਸ਼ ਤੇ ਨਵੀਆਂ ਪਣਪਦੀਆਂ ਬੀਮਾਰੀਆਂ – ਖਤਰਾ ਕਿਸ ਨੂੰ?'**

(ਸਿਰਲੇਖ ਗੀਤ ਦਾ ਸੰਗੀਤ...)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ ...ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਚੌਵੀਵੀਂ** ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਗਰਮਾਉਂਦੀ ਧਰਤੀ, ਬਦਲਦੀਆਂ ਬੀਮਾਰੀਆਂ"** ਵਿੱਚ ਸੁਣੀ ਸੀ ਕਹਾਣੀ ਅਸੀਂ ਕਿ ਸਾਡੀ ਇਸ ਧਰਤੀ ਦੇ ਗਰਮ ਹੋਣ ਨਾਲ ਕਿਵੇਂ ਵਧ ਰਿਹਾ ਹੈ ਕਹਿਰ ਬੀਮਾਰੀਆਂ ਦਾ!

**ਔਰਤ ਸੂਤਰਧਾਰ** : ਬਿਆਨ ਕੀਤਾ ਸੀ ਕਿ ਇਸ ਵਧਦੇ ਤਾਪਮਾਨ ਕਾਰਨ ਬਹੁਤ ਸਾਰੇ ਉਨ੍ਹਾਂ ਕੀਟਾਂ ਦਾ ਜਿਹੜੇ ਬਣਦੇ ਨੇ ਵਾਹਕ ਬੀਮਾਰੀਆਂ ਦੇ, ਦਾ ਪਸਾਰਾ ਵਧ ਜਾਂਦਾ ਹੈ।

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ! ਕਿ ਇਨ੍ਹਾਂ ਕੀਟਾਂ ਦੇ ਭੂਗੋਲਿਕ ਪਸਾਰੇ ਕਾਰਨ ਹੀ ਕਈ ਬਿਮਾਰੀਆਂ ਜਿਹੜੀਆਂ ਪਹਿਲਾਂ ਕਦੀ ਉਨ੍ਹਾਂ ਸਥਾਨਾਂ 'ਤੇ ਹੁੰਦੀਆਂ ਹੀ ਨਹੀਂ ਸਨ, ਉਥੇ ਵੀ ਹੁਣ ਪੈਰ ਪਸਾਰਨ ਲੱਗ ਗਈਆਂ ਹਨ।

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਕਿਵੇਂ ਕੀਨੀਆ ਦੇ ਪਹਾੜੀ ਸਥਾਨਾਂ ਉਪਰ ਜਿੱਥੇ ਠੰਢ ਕਾਰਨ ਮਲੇਰੀਏ ਦਾ ਵਾਹਨ ਐਨਾਫਲੀਜ਼ ਮੱਛਰ ਪੈਦਾ ਹੀ ਨਹੀਂ ਸੀ ਹੋ ਸਕਦਾ ਹੁਣ ਭਿਣ ਭਿਣ ਕਰਦਾ ਫਿਰਦਾ ਹੈ।

**ਮਰਦ ਸੂਤਰਧਾਰ** : ਹਾਂ ਜੀ! ਚਰਚਾ ਤਾਂ ਇਹ ਵੀ ਹੋਈ ਸੀ ਕਿ ਜਿਹੜਾ ਮੱਛਰ 15 ਡਿਗਰੀ ਸੈਲਸੀਅਸ ਤੋਂ ਘੱਟ ਤਾਪਮਾਨ ਤੇ ਵਧ ਫੁੱਲ ਹੀ ਨਹੀਂ ਸੀ ਸਕਦਾ ਹੁਣ ਇਸ ਤਪਸ਼ ਕਾਰਨ ਨੈਰੋਬੀ ਵਿਖੇ ਤਾਂ ਇਸ ਵੱਲੋਂ ਸਾਡੇ ਭਾਰਤ ਨਾਲੋਂ ਵੀ ਖਤਰਨਾਕ ਕਿਸਮ ਦਾ ਮਲੇਰੀਆ ਯਾਨੀ ਦਿਮਾਗੀ ਮਲੇਰੀਆ ਫੈਲਾ ਕੇ ਵਧਾ ਰਿਹਾ ਮੌਤਾਂ ਅਤੇ ਖੇਡ ਰਿਹਾ ਹੈ ਮਨੁੱਖੀ ਜੀਵਨ ਦੇ ਨਾਲ!

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਇਸੇ ਗਰਮਾਉਂਦੀ ਧਰਤੀ ਕਾਰਨ ਪੁਰਾਣੀਆਂ ਅਲੋਪ ਰਹੀਆਂ ਮਲੇਰੀਏ ਤੇ ਹੈਜੇ ਵਰਗੀਆਂ ਬਿਮਾਰੀਆਂ ਮੁੜ ਸਿਰ ਚੁੱਕ ਰਹੀਆਂ ਹਨ!

**ਮਰਦ ਸੂਤਰਧਾਰ** : ਸੁਣਿਆ ਸੀ ਕਿ ਕਿਵੇਂ ਬਹੁਤ ਸਾਰੀਆਂ ਬਿਮਾਰੀਆਂ ਜੋ ਪਹਿਲਾਂ ਕਦੀ ਕਦਾਈਂ ਹੁੰਦੀਆਂ ਸਨ ਮਹਾਂਮਾਰੀਆਂ ਦੇ ਵਿੱਚ ਰਹੀਆਂ ਨੇ ਬਦਲ!

**ਔਰਤ ਸੂਤਰਧਾਰ** : ਸੁਣਿਆ ਸੀ ਬ੍ਰਿਤਾਂਤ ਇਹ ਵੀ ਕਿ ਹੁਣ ਤਾਂ ਇਸ ਗਰਮਾਉਂਦੀ ਧਰਤੀ ਕਰਕੇ ਵਧਦੇ ਤਾਪਮਾਨ ਕਰਕੇ ਕਈ ਮਹਾਮਾਰੀਆਂ ਬਣ ਰਹੀਆਂ ਨੇ ਸੰਸਾਰਵਿਆਪੀ ਵਰਤਾਰਾ।

**ਮਰਦ ਸੂਤਰਧਾਰ** : ਹਾਂ ਜੀ! ਸੁਣਾਈ ਸੀ ਇਹ ਵੀ ਗਾਥਾ ਕਿ ਤਾਪਮਾਨ ਦੇ ਇਸ ਬਦਲਾਅ ਕਾਰਨ ਖਤਰਾ ਪੈਦਾ ਹੋ ਜਾਵੇਗਾ ਮਨੁੱਖੀ ਆਹਾਰ ਨੂੰ ਵੀ!

**ਔਰਤ ਸੂਤਰਧਾਰ** : ਸੁਣਿਆ ਸੀ ਇਹ ਭੇਦ ਵੀ ਕਿ ਕਿਵੇਂ ਇਸੇ ਵਧਦੇ ਤਾਪਮਾਨ ਕਾਰਨ ਜ਼ਰਖੇਜ ਜ਼ਮੀਨ ਬਣ ਜਾਵੇਗੀ ਦਲਦਲ ਅਤੇ ਅਸਮਰੱਥ ਹੋ ਜਾਵੇਗੀ ਪੈਦਾ ਕਰਨ ਤੋਂ ਅੰਨ ਆਪਣੀ ਕੋਖ ਦੇ ਵਿੱਚੋਂ!

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਇਹ ਤੱਥ ਵੀ ਕਿ ਕਿਵੇਂ ਵਧ ਜਾਵੇਗੀ ਨਫਰੀ ਇਨ੍ਹਾਂ ਬਿਮਾਰੀ ਫੈਲਾਉਣ ਵਾਲੇ ਕੀਟਾਂ ਦੀ ਇਸ ਧਰਤੀ ਦੇ ਉਪਰ!

**ਔਰਤ ਸੂਤਰਧਾਰ** : ਸੁਣਿਆ ਸੀ ਕਿ ਕਿਵੇਂ ਇਹ ਵਧਦਾ ਤਾਪਮਾਨ ਪ੍ਰਭਾਵਤ ਕਰੇਗਾ ਸਾਡੀ ਸਿਹਤ ਨੂੰ ਹੋਰ ਵੀ ਕਈ ਸਿੱਧੇ ਤੇ ਅਸਿੱਧੇ ਵਰਤਾਰਿਆਂ ਦੇ ਜ਼ਰੀਏ!

**ਮਰਦ ਸੂਤਰਧਾਰ** : ਹੋਈ ਸੀ ਗੱਲ ਕਿ ਕਿਵੇਂ ਉਨ੍ਹਾਂ ਲੋਕਾਂ ਨੂੰ ਜਿਹੜੇ ਪਹਿਲਾਂ ਹੀ ਇਨ੍ਹਾਂ ਮਾਰੂ ਬਿਮਾਰੀਆਂ ਦੀ ਬਹੁਲਤਾ ਵਾਲੇ ਖੇਤਰਾਂ ਵਿੱਚ ਰਹਿੰਦੇ ਸਨ, ਇਮਿਊਨਿਟੀ ਕਾਰਨ, ਘੱਟ ਹੈ ਖਤਰਾ ਮੌਤ ਦਾ ਉਨ੍ਹਾਂ ਦੀ ਰਿਹਾਇਸ਼ ਦੇ ਨਵੇਂ ਖੇਤਰਾਂ ਵਿੱਚ ਫੈਲਦੀਆਂ ਇਨ੍ਹਾਂ ਬਿਮਾਰੀਆਂ ਤੋਂ

**ਔਰਤ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਵਧਦੇ ਤਾਪਮਾਨ ਕਾਰਨ ਪੈਦਾ ਹੋਣ ਵਾਲੀਆਂ ਨਵੀਆਂ ਬੀਮਾਰੀਆਂ ਦੀ!

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਚੌਵੀਵੀਂ ਕੜੀ **"ਆਲਮੀ ਤਪਸ਼ ਤੇ ਨਵੀਆਂ ਪਣਪਦੀਆਂ ਬੀਮਾਰੀਆਂ – ਖਤਰਾ ਕਿਸ ਨੂੰ?"** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**ਸੂਤਰਾਧਾਰ** : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਉਨ੍ਹਾਂ ਬਿਮਾਰੀਆਂ ਬਾਰੇ ਗੱਲਬਾਤ ਕਰਾਂਗੇ ਜਿਹੜੀਆਂ ਅਜੇ ਨਵੀਆਂ ਸ਼ੁਰੂ ਹੋਈਆਂ ਹਨ ਅਤੇ ਪਹਿਲਾਂ ਇਹ ਹੁੰਦੀਆਂ ਹੀ ਨਹੀਂ ਸਨ। ਅਸੀਂ ਉਨ੍ਹਾਂ ਬਿਮਾਰੀਆਂ ਬਾਰੇ ਵੀ ਗੱਲਬਾਤ ਕਰਾਂਗੇ ਜਿਨ੍ਹਾਂ ਬਾਰੇ ਇਹ ਮੰਨ ਲਿਆ ਗਿਆ ਸੀ ਕਿ ਧਰਤੀ ਉਪਰ ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ। ਅਸੀਂ ਉਨ੍ਹਾਂ ਬਿਮਾਰੀਆਂ ਬਾਰੇ ਗੱਲਬਾਤ ਕਰਾਂਗੇ ਜਿਨ੍ਹਾਂ ਨੂੰ ਪਹਿਲਾਂ ਹਲਕੀਆਂ ਫੁਲਕੀਆਂ ਮੰਨ ਲਿਆ ਜਾਂਦਾ ਸੀ ਪਰ ਹੁਣ ਉਹ ਮਹਾਂਮਾਰੀਆਂ ਦੇ ਰੂਪ ਵਿੱਚ ਸੰਸਾਰ ਨੂੰ ਆਪਣੀ ਲਪੇਟ ਵਿੱਚ ਲੈ ਸਕਦੀਆਂ ਹਨ। ਮਲੇਰੀਏ ਨਾਲ ਪੀੜਤ ਵਸੁਧਾ ਦੇ ਭਰਾ ਦੀ ਹਾਲਤ ਵਿੱਚ ਹੁਣ ਸੁਧਾਰ ਹੋ ਗਿਆ ਹੈ ਉਹ ਸਿਹਤ-ਲਾਭ ਲਈ ਮਿਲੀ ਛੁੱਟੀ ਕਾਰਨ ਭਾਰਤ ਆਪਣੀ ਭੈਣ ਨੂੰ ਮਿਲਣ ਆ ਰਿਹਾ ਹੈ। ਨਾਲ ਉਨ੍ਹਾਂ ਦਾ ਇੱਕ ਮਿੱਤਰ, ਜਿਹੜਾ ਮੂਲ ਰੂਪ ਵਿੱਚ ਭਾਰਤੀ ਹੈ ਅਤੇ ਉਥੇ ਵਿਸ਼ਵ ਸਿਹਤ ਸੰਗਠਨ ਵਿੱਚ ਨੌਕਰੀ ਕਰਦਾ ਹੈ, ਆ ਰਿਹਾ ਹੈ। ਭਾਰਤ ਵਿੱਚ ਆਪਣੇ ਪਿੰਡ ਜਾਣ ਤੋਂ ਪਹਿਲਾਂ ਉਹ ਕਲਿਆਣੀ ਅਤੇ ਵਰਿੰਦਰ ਕੋਲ ਕੁਝ ਦਿਨ ਲਈ ਰਹਿਣਗੇ।

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**ਸਥਾਨ** : **ਕਲਿਆਣੀ ਅਤੇ ਵਰਿੰਦਰ ਦਾ ਘਰ (ਦਰਵਾਜ਼ੇ ਦੀ ਘੰਟੀ ਵਜਦੀ ਹੈ)**

**ਅੰਦਰੋਂ ਆਉਂਦੀ ਔਰਤ ਦੀ ਅਵਾਜ਼**: ਆਈ **(ਪੈਰਾਂ ਦੀ ਅਵਾਜ਼ ਅਤੇ ਦਰਵਾਜ਼ਾ ਖੋਲ੍ਹਣ ਦਾ ਧੁਨੀ ਪ੍ਰਭਾਵ)**

**ਔਰਤ ਅਵਾਜ਼** : ਅੱਜ ਬੜੀ ਦੇਰ ਨਾਲ ਆਏ, ਸਾਗਰ?

**ਸ਼ਾਗਰ** : ਨਹੀਂ ਵਸੁਧਾ, ਸਿਰਫ ਪੰਜ ਮਿੰਟ ਹੀ ਲੇਟ ਹਾਂ।

**ਵਸੁਧਾ** : ਪੰਜ ਮਿੰਟ! ਮੈਨੂੰ ਤਾਂ ਲੱਗਿਆ ਕਿ ਕਾਫੀ ਦੇਰ ਹੋ ਗਈ ਹੈ।

**ਸਾਗਰ** : ਅਜਿਹੀ ਕੀ ਗੱਲ ਹੈ ਜੋ ਪੰਜ ਮਿੰਟ ਵੀ ਬਹੁਤ ਦੇਰ ਲਗ ਰਹੀ ਹੈ (ਖਿੱਚ ਕੇ) ਪੰ….ਜ….ਮਿੰ…ਟ.. ਦੇਰ ਹੋ ਗਈ ਹੈ। ਕੋਈ ਖਾਸ ਗੱਲ ਹੈ ਦੱਸਣ ਵਾਲੀ !

**ਵਸੁਧਾ** : ਹਾਂ, ਹੈ। ਭਰਾ ਦਾ ਫੋਨ ਆਇਆ ਸੀ ਕਿ ਉਹ ਕੱਲ੍ਹ ਆ ਰਹੇ ਹਨ। ਬਿਮਾਰੀ ਤੋਂ ਬਾਅਦ ਰੈਸਟ ਲਈ ਛੁੱਟੀ ਮਿਲੀ ਹੈ। ਇਸ ਲਈ ਕੁੱਝ ਦਿਨ ਇੱਥੇ ਹੀ ਠਹਿਰਨਗੇ।

**ਸਾਗਰ** : ਅੱਛਾ ਤਾਂ ਹੀ ਤਾਂ ਮੈਂ ਵੇਖ ਰਿਹਾਂ ਹਾਂ ਕਿ ਸਭ ਕੁਝ ਬਦਲਿਆ-ਬਦਲਿਆ ਲੱਗ ਰਿਹਾ ਹੈ!

**ਕਲਿਆਣੀ** : **(ਨੇੜੇ ਆਉਂਦੀ ਹੋਈ ਅਵਾਜ਼)** ਕੌਣ ਆ ਰਿਹਾ ਹੈ ਮਾਂ?

**ਵਸੁਧਾ** : ਤੇਰੇ ਨੈਰੋਬੀ ਵਾਲੇ ਮਾਮਾ ਜੀ, ਕਲਿਆਣੀ!

**ਵਰਿੰਦਰ** : **(ਨੇੜੇ ਆਉਂਦੀ ਹੋਈ ਅਵਾਜ਼)** ਤਾਂ ਫਿਰ ਮਾਮਾ ਜੀ ਨਾਲ ਤਾਂ ਖੂਬ ਮਜ਼ੇ ਕਰਾਂਗੇ।

**ਕਲਿਆਣੀ** : ਵੇਖੋ ਮੰਮੀ, ਉਹ ਬਿਮਾਰੀ ਤੋਂ ਉਠ ਕੇ ਆ ਰਹੇ ਹਨ ਪਰ ਇਸ ਵਰਿੰਦਰ ਨੂੰ ਮਜ਼ੇ ਕਰਨ ਦੀ ਪਈ ਹੈ।

**ਵਸੁਧਾ** : ਹੁਣ ਤੁਸੀਂ ਦੋਵੇਂ ਪਾਪਾ ਨੂੰ ਅੰਦਰ ਆਉਣ ਦਿਓਗੇ ਜਾਂ ਦਰਵਾਜ਼ੇ 'ਤੇ ਹੀ ਰੋਕ ਕੇ ਰੱਖੋਗੇ?

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਦਰਵਾਜ਼ੇ ਦੀ ਘੰਟੀ ਵੱਜਦੀ ਹੈ)**

**ਵਸੁਧਾ** : ਕਲਿਆਣੀ ਵੇਖ ਖਾਂ! ਤੇਰੇ ਮਾਮਾ ਜੀ ਹੀ ਹੋਣਗੇ। ਦਰਵਾਜਾ ਖੋਲ੍ਹ ਜ਼ਰਾ!

**(ਦਰਵਾਜਾ ਖੁੱਲ੍ਹਣ ਦਾ ਧੁਨੀ ਪ੍ਰਭਾਵ)**

**ਕਲਿਆਣੀ** : ਓ ਮਾਮਾ ਜੀ, ਸਤਿ ਸ੍ਰੀ ਅਕਾਲ ਮਾਮਾ ਜੀ.. ਮੰਮੀ, ਮਾਮਾ ਜੀ ਆ ਗਏ!

**ਵਸੁਧਾ** : ਵੇਖ ਰਹੀ ਹਾਂ, ਉਨ੍ਹਾਂ ਨੂੰ ਅੰਦਰ ਆ ਜਾਣ ਦਿਓ।

**(ਪਦਚਾਪ)**

**ਮਾਮਾ** : ਨਮਸਤੇ ਭੈਣ….

**ਵਸੁਧਾ** : ਨਮਸਤੇ ਭਾਈ ਸਾਹਿਬ!

**ਸ਼ਾਗਰ** : ਪ੍ਰਸ਼ਾਂਤ, ਹੁਣ ਤਬੀਅਤ ਕਿਸ ਤਰਾਂ ਹੈ?

**ਪ੍ਰਸ਼ਾਂਤ** : ਤਬੀਅਤ ਤਾਂ ਠੀਕ ਹੈ ਥੋੜ੍ਹੀ-ਬਹੁਤ ਕਮਜ਼ੋਰੀ ਜ਼ਰੂਰ ਹੈ।

**(ਇਕ ਹੋਰ ਵਿਅਕਤੀ ਦੇ ਪੈਰਾਂ ਦੀ ਅਵਾਜ਼)**

**ਪ੍ਰਸ਼ਾਂਤ** : ਇਹ ਹਨ ਮੇਰੇ ਮਿੱਤਰ ਡਾ. ਸੁਰਿੰਦਰ... ਇਹ ਵੀ ਭਾਰਤੀ ਹਨ। ਉੱਥੇ ਵਿਸ਼ਵ ਸਿਹਤ ਸੰਗਠਨ ਵਿੱਚ ਕੰਮ ਕਰਦੇ ਹਨ।

**ਵਰਿੰਦਰ** : ਹਾਂ ਮਾਮਾ ਜੀ, ਤੁਸੀਂ ਫੋਨ ਕਰਕੇ ਮੰਮੀ ਨੂੰ ਦੱਸਿਆ ਸੀ।

**ਮਾਮਾ** : ਓਹੋ ਬਾਘੜ ਬਿੱਲੇ ਆ ਗਿਆ ਤੂੰ?

**ਵਰਿੰਦਰ** : ਮੈਂ ਬਾਘੜ ਬਿੱਲਾ ਨਹੀਂ ਹਾਂ ਮਾਮਾ ਜੀ। ਵਰਿੰਦਰ ਹਾਂ, ਸਟੂਡੈਂਟ ਆਫ਼ ਨਾਈਨਥ ਕਲਾਸ।

**ਮਾਮਾ** : ਓਹੋ ਤੁਸੀਂ ਤਾਂ ਬੜੇ ਪੜ੍ਹੇ-ਲਿਖੇ ਹੋ ਵਰਿੰਦਰ ਜੀ!

**(ਸਾਰੇ ਹੱਸਦੇ ਹਨ)**

**ਵਸੁਧਾ** : ਚੱਲ ਆਪਣੇ ਮਾਮਾ ਜੀ ਨੂੰ ਬੈਠਣ ਦੇਹ। ਸੁਰਿੰਦਰ ਵੀਰ ਜੀ ਤੁਸੀਂ ਇੱਥੇ ਆ ਜਾਓ, ਅਰਾਮ ਨਾਲ ਬੈਠੋ।

**ਸਾਗਰ** : ਸੰਕੋਚ ਨਾ ਕਰੋ ਇਹ ਵੀ ਤੁਹਾਡਾ ਹੀ ਘਰ ਹੈ... ਰਿਲੈਕਸ। ਸੁਣਦੀ ਏਂ ਇਕ ਗਰਮਾ-ਗਰਮ ਚਾਹ ਹੋ ਜਾਏ ਤਾਂ ਫਿਰ ਇਹ .... ਨਹਾ ਧੋ ਲੈਣਗੇ।

**ਵਸੁਧਾ** : ਲੈ ਕੇ ਆ ਰਹੀ ਹਾਂ ਬੱਸ ਦੋ ਮਿੰਟ...

**(ਵਸੁਧਾ ਚਲੀ ਜਾਂਦੀ ਹੈ, ਸਹੀ ਧੁਨੀ ਪ੍ਰਭਾਵ ਦਿਓ)**

**ਸ਼ਾਗਰ** : ਪ੍ਰਸ਼ਾਂਤ, ਇਹ ਤਾਂ ਦੱਸ ਜਰਾ ਕਿ ਕੀ ਹੋਇਆ ਸੀ?

**ਪ੍ਰਸ਼ਾਂਤ** : ਕੁਝ ਖ਼ਾਸ ਨਹੀਂ, ਚਾਰ-ਪੰਜ ਦਿਨਾਂ ਤੱਕ ਬੁਖਾਰ ਰਿਹਾ। ਜਦੋਂ ਜਾਂਚ ਕਰਵਾਈ ਤਾਂ ਪਤਾ ਚੱਲਿਆ ਕਿ ਇਹ ਮਲੇਰੀਆ ਸੀ।

**ਸਾਗਰ** : ਇੱਥੇ ਤੁਹਾਡੀ ਭੈਣ ਨੇ ਤਾਂ ਤੂਫ਼ਾਨ ਖੜ੍ਹਾ ਕਰ ਦਿੱਤਾ। ਸਾਡੇ ਇੱਕ ਮਿੱਤਰ ਡਾਕਟਰ ਹਨ, ਉਨ੍ਹਾਂ ਦੀ ਇੰਟਰਵਿਊ ਵੀ ਲੈ ਲਈ।

**ਪ੍ਰਸ਼ਾਂਤ** : ਜੀਜਾ ਜੀ, ਉੱਥੇ ਮਲੇਰੀਏ ਦਾ ਖੌਫ਼ ਐਨਾ ਹੈ ਕਿ ਘਰ ਵਿੱਚ ਸਾਰੇ ਲੋਕ ਘਬਰਾ ਗਏ ਸਨ।

**ਸਾਗਰ** : ਹੁਣ ਤਾਂ ਠੀਕ ਹੈ ਨਾ?

**ਪ੍ਰਸ਼ਾਂਤ** : ਹਾਂ ਲਗਭਗ, ਸੋਚਿਆ ਰੈਸਟ ਲਈ ਜੋ ਛੁੱਟੀ ਮਿਲੀ ਹੈ ਉਸ ਵਿੱਚ ਆਪ ਸਭ ਨੂੰ ਮਿਲ ਲਿਆ ਜਾਵੇ।

**ਸਾਗਰ** : ਡਾ. ਸੁਰਿੰਦਰ, ਤੁਸੀਂ ਜਦੋਂ ਤੋਂ ਆਏ ਹੋ, ਚੁੱਪ ਹੀ ਬੈਠੇ ਹੋ। ਲੱਗਦਾ ਹੈ ਸੰਗਦੇ ਹੋ।

**ਡਾ. ਸੁਰਿੰਦਰ** : ਨਹੀਂ ਜੀ, ਮੈਂ ਤਾਂ ਤੁਹਾਡੀਆਂ ਗੱਲਾਂ ਸੁਣਨ ਵਿੱਚ ਮਸਤ ਰਿਹਾ ਹਾਂ।

**ਕਲਿਆਣੀ** : ਅੰਕਲ, ਸਿਰਫ ਸੁਣੋ ਹੀ ਨਹੀਂ, ਬੋਲੋ ਵੀ।

**ਵਰਿੰਦਰ** : ਅੰਕਲ, ਡਾਕਟਰ ਦੱਸ ਰਹੇ ਸਨ ਕਿ ਜਿੱਥੇ ਮਾਮਾ ਜੀ ਰਹਿੰਦੇ ਹਨ ਉੱਥੇ ਤਾਂ ਮਲੇਰੀਆ ਹੁੰਦਾ ਹੀ ਨਹੀਂ।

**ਡਾ. ਸੁਰਿੰਦਰ** : ਠੀਕ ਕਹਿੰਦੇ ਸੀ, ਅਜਿਹੀਆਂ ਥਾਵਾਂ 'ਤੇ ਪਹਿਲਾਂ ਤਾਪਮਾਨ ਇਸ ਬਿਮਾਰੀ ਨੂੰ ਫੈਲਾਉਣ ਵਾਲੇ ਜੰਤੂਆਂ ਲਈ ਮੁਆਫ਼ਕ ਨਹੀਂ ਸੀ, ਫੇਰ..

**ਕਲਿਆਣੀ** : **(ਗੱਲ ਕੱਟ ਕੇ)....** ਗਲੋਬਲ ਵਾਰਮਿੰਗ ਕਾਰਨ ਉੱਥੇ ਦਾ ਤਾਪਮਾਨ ਵਧ ਗਿਆ ਅਤੇ ਇਹ ਐਨਾ ਹੋ ਗਿਆ ਕਿ ਬਿਮਾਰੀ ਪੈਦਾ ਕਰਨ ਵਾਲੇ ਜੀਵਾਣੂ ਪਲ ਸਕਣ।

**ਡਾ. ਸੁਰਿੰਦਰ** : ਕਲਿਆਣੀ, ਮਲੇਰੀਆ, ਫਲੇਰੀਆ, ਚਾਗਾਜ਼ ਡਿਜ਼ੀਜ਼, ਲੇਸ਼ਮੇਨੀਆਸਿਸ, ਲਾਈਮ ਡਿਜ਼ੀਜ਼, ਬੇਬੀਸੀਓਸਿਸ ਵਰਗੀਆਂ ਬਿਮਾਰੀਆਂ ਦੇ ਮਾਮਲੇ ਵਿੱਚ ਵੀ ਇਹੀ ਹੋ ਰਿਹਾ ਹੈ।

**ਵਰਿੰਦਰ** : ਕੀ ਹੋ ਰਿਹਾ ਹੈ ਅੰਕਲ?

**ਡਾ. ਸੁਰਿੰਦਰ** : ਇਹ ਬਿਮਾਰੀਆਂ ਹੁਣ ਉਨ੍ਹਾਂ ਥਾਵਾਂ ‘ਤੇ ਵੀ ਹੋਣ ਲੱਗੀਆਂ ਹਨ, ਜਿੱਥੇ ਪਹਿਲਾਂ ਨਹੀਂ ਹੁੰਦੀਆਂ ਸਨ।

**ਕਲਿਆਣੀ** : ਨਵੀਆਂ ਥਾਂਵਾਂ ‘ਤੇ ਤਾਂ ਇਹ ਬਹੁਤ ਖ਼ਤਰਨਾਕ ਵੀ ਹੁੰਦੀਆਂ ਹਨ।

**ਡਾ. ਸੁਰਿੰਦਰ** : ਇਹ ਤੁਹਾਨੂੰ ਕਿਵੇਂ ਪਤੈ?

**ਵਰਿੰਦਰ** : ਜਦ ਅਸੀਂ ਮੰਮੀ ਨਾਲ ਡਾਕਟਰ ਕੋਲ ਗਏ ਤਾਂ ਉਨ੍ਹਾਂ ਨੇ ਸਾਨੂੰ ਦੱਸਿਆ ਸੀ।

**ਪ੍ਰਸ਼ਾਂਤ** : ਸਾਡੇ ਖੇਤਰ ਕੀਨੀਆ ਵਿੱਚ ਵੀ ਮਲੇਰੀਏ ਦੀ ਇਹੀ ਕਹਾਣੀ ਹੈ। ਤਾਂ ਹੀ ਤਾਂ ਉੱਥੇ ਲੋਕ ਮਲੇਰੀਏ ਤੋਂ ਡਰਦੇ ਹਨ।

**ਡਾ. ਸੁਰਿੰਦਰ** : ਅਸਲ ‘ਚ ਗਲੋਬਲ ਵਾਰਮਿੰਗ ਅਤੇ ਵਾਤਾਵਰਨ ਵਿੱਚ ਤਬਦੀਲੀਆਂ... ਬਿਮਾਰੀਆਂ ‘ਤੇ ਕਈ ਤਰ੍ਹਾਂ ਦੇ ਅਸਰ ਪਾ ਰਹੀਆਂ ਹਨ।

**ਸਾਗਰ** : ਕਈ ਤਰ੍ਹਾਂ ਨਾਲ?

**ਡਾ. ਸੁਰਿੰਦਰ** : ਇੱਕ ਗੱਲ ਤਾਂ ਮੈਂ ਹੁਣੇ ਦੱਸੀ ਹੈ ਕਿ ਕੁਝ ਬਿਮਾਰੀਆਂ ਉਨ੍ਹਾਂ ਥਾਵਾਂ ‘ਤੇ ਵੀ ਪੈਰ ਪਸਾਰ ਰਹੀਆਂ ਹਨ ਜਿੱਥੇ ਇਹ ਪਹਿਲਾਂ ਹੁੰਦੀਆਂ ਹੀ ਨਹੀਂ ਸਨ।

**ਵਰਿੰਦਰ** : ਮਤਲਬ ਕੁਝ ਬਿਮਾਰੀਆਂ ਦੇ ਹਮਲੇ ਵਾਲੇ ਖੇਤਰਾਂ ‘ਚ ਵਾਧਾ ਹੋ ਰਿਹਾ ਹੈ।

**ਡਾ. ਸੁਰਿੰਦਰ** : ਬਿਲਕੁਲ ਅਤੇ ਇਸ ਦੇ ਆਉਣ ਵਾਲੇ ਸਮੇਂ ‘ਚ ਗੰਭੀਰ ਸਿੱਟੇ ਨਿਕਲਣਗੇ।

**ਪ੍ਰਸ਼ਾਂਤ** : ਕਈ ਵਿਕਾਸਸ਼ੀਲ ਦੇਸ਼ਾਂ ਦੇ ਸਿਹਤ ਬਜਟ ਹੀ ਵਿਗੜ ਜਾਣਗੇ।

**ਡਾ. ਸੁਰਿੰਦਰ** : ਗਲੋਬਲ ਵਾਰਮਿੰਗ ਕਾਰਨ ਧਰਤੀ ਦਾ ਜਲ-ਚੱਕਰ ਵੀ ਬੁਰੀ ਤਰਾਂ ਪ੍ਰਭਾਵਿਤ ਹੋ ਜਾਵੇਗਾ।

**ਵਰਿੰਦਰ** : ਜਲ-ਚੱਕਰ ਵੀ ?

**ਕਲਿਆਣੀ** : ਅਸੀਂ ਸਾਰੇ ਇਹ ਤਾਂ ਜਾਣਦੇ ਹੀ ਹਾਂ ਕਿ ਗਰਮੀ ਕਾਰਨ ਪਹਾੜੀ ਚੋਟੀਆਂ ਦੀ ਬਰਫ਼ ਪਿਘਲਣ ਨਾਲ ਪਾਣੀ ਨਦੀਆਂ ‘ਚ ਆਉਂਦਾ ਹੈ। ਝੀਲਾਂ, ਤਲਾਬਾਂ, ਨਦੀਆਂ ਅਤੇ ਸਮੁੰਦਰਾਂ ਦਾ ਇਹ ਪਾਣੀ ਵਾਸ਼ਪ ਬਣ ਕੇ ਉਡਦਾ ਹੈ। ਇਹੀ ਵਾਸ਼ਪ ਬੱਦਲ ਬਣ ਕੇ ਵਰਖਾ ਦੇ ਰੂਪ ਵਿੱਚ ਬਰਸਦੇ ਹਨ, ਜਿਸ ਦਾ ਕੁੱਝ ਹਿੱਸਾ ਨਦੀਆਂ ਰਾਹੀਂ ਫਿਰ ਸਮੁੰਦਰਾਂ ਅਤੇ ਝੀਲਾਂ ਤੱਕ ਪਹੁੰਚ ਜਾਂਦਾ ਹੈ, ਕੁਝ ਜ਼ਮੀਨ ਵਿੱਚ ਚਲਾ ਜਾਂਦਾ ਹੈ ਜਿਹੜਾ ਜ਼ਰੂਰਤ ਪੈਣ ‘ਤੇ ਫਿਰ ਕੱਢ ਲਿਆ ਜਾਂਦਾ ਹੈ।

**ਪ੍ਰਸ਼ਾਂਤ** : ਇਸੇ ਅਦਲਾ ਬਦਲੀ ਨੂੰ ਜਲ-ਚੱਕਰ ਕਿਹਾ ਜਾਂਦਾ ਹੈ।

**ਡਾ. ਸੁਰਿੰਦਰ** : ਗਲੋਬਲ ਵਾਰਮਿੰਗ ਦੇ ਕਾਰਨ ਕਿਸੇ ਸਥਾਨ ‘ਤੇ ਹਵਾ ਜ਼ਿਆਦਾ ਗਰਮ ਹੋ ਜਾਂਦੀ ਹੈ। ਗਰਮ ਹਵਾ, ਠੰਢੀ ਹਵਾ ਦੇ ਮੁਕਾਬਲੇ ਜ਼ਿਆਦਾ ਨਮੀ ਆਪਣੇ ਅੰਦਰ ਬਣਾ ਕੇ ਰੱਖ ਸਕਦੀ ਹੈ।

**ਕਲਿਆਣੀ** : ਤਾਂ ਇਸ ਨਾਲ ਕੀ ਹੋਵੇਗਾ, ਅੰਕਲ?

**ਪ੍ਰਸ਼ਾਂਤ** : ਇਸ ਨਾਲ ਮੌਸਮ ਦੀ ਅੱਤ ਹੋ ਜਾਵੇਗੀ।

**ਵਰਿੰਦਰ** : ਅੱਤ ਦਾ ਕੀ ਮਤਲਬ ਹੈ, ਮਾਮਾ ਜੀ?

**ਪ੍ਰਸ਼ਾਂਤ** : ਅੱਤ ਦਾ ਮਤਲਬ ਹੈ ਕਿ ਕਈ ਥਾਈਂ ਬਹੁਤ ਜ਼ਿਆਦਾ ਬਰਸਾਤ ਹੋਵੇਗੀ ਅਤੇ ਕਈ ਥਾਈਂ ਸੋਕਾ ਪਵੇਗਾ। ਬਹੁਤ ਗਰਮ ਹਵਾਵਾਂ ਚੱਲਣਗੀਆਂ, ਤੂਫ਼ਾਨ ਆਉਣਗੇ, ਹੜ੍ਹ ਆਵੇਗਾ।

**ਡਾ. ਸੁਰਿੰਦਰ** : ਹਾਂ, ਇਸੇ ਲਈ ਤਾਂ ਵਿਗਿਆਨੀ ਲੋਕ ਇਨ੍ਹਾਂ ਪਰਿਵਰਤਨਾਂ ਨੂੰ ਭੂ-ਮੰਡਲੀ ਤਾਪ ਨਾ ਕਹਿ ਕੇ ਵਾਤਾਵਰਨੀ ਪਰਿਵਰਤਨ ਕਹਿਣ ਲੱਗ ਪਏ ਹਨ।

**ਕਲਿਆਣੀ** : ਮਤਲਬ "ਕਲਾਈਮੈਟਿਕ ਚੇਂਜ"

**ਡਾ. ਸੁਰਿੰਦਰ** : ਹਾਂ ਕਲਿਆਣੀ, ਕਿਉਂਕਿ ਇਸ ਨਾਲ ਧਰਤੀ ਜਾਂ ਵਾਯੂ-ਮੰਡਲ ਸਿਰਫ ਗਰਮ ਹੀ ਨਹੀਂ ਹੁੰਦਾ, ਬਲਕਿ ਵਾਤਾਵਰਨ ਵਿੱਚ ਹੋਰ ਬਹੁਤ ਸਾਰੇ ਪਰਿਵਰਤਨ ਵੀ ਆਉਂਦੇ ਹਨ।

**ਸਾਗਰ** : ਅਸਲ ਵਿੱਚ, ਵਾਤਾਵਰਨ ਵਿੱਚ ਇਹ ਪਰਿਵਰਤਨ ਹੀ ਸਾਰੀਆਂ ਬਿਮਾਰੀਆਂ ਦੀ ਜੜ੍ਹ ਹਨ।

**ਡਾ. ਸੁਰਿੰਦਰ** : ਹਾਂ ਜੀ, ਤੁਸੀਂ ਠੀਕ ਕਿਹਾ। ਜਦ ਕਿਤੇ ਹੜ੍ਹ ਆਉਣਗੇ ਤਾਂ ਕੀ ਹੋਵੇਗਾ? ਹਰ ਥਾਂ ਪਾਣੀ ਜਮ੍ਹਾਂ ਹੋ ਜਾਵੇਗਾ।

**ਕਲਿਆਣੀ** : **(ਗੱਲ ਕੱਟਦੇ ਹੋਏ)** ਉਸ 'ਚ ਮੱਖੀਆਂ, ਕੀੜੇ-ਮਕੌੜੇ ਅਤੇ ਮੱਛਰ ਪੈਦਾ ਹੋਣਗੇ। ਉਹ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ, ਜਿਵੇਂ ਹੈਜ਼ਾ, ਦਸਤ ਅਤੇ ਅੰਤੜੀਆਂ ਦੇ ਕੀੜੇ ਫੈਲਾਉਣਗੇ।

**ਡਾ. ਸੁਰਿੰਦਰ** : ਹਾਂ! ਜਦ ਹੜ੍ਹ ਆਵੇਗਾ ਤਾਂ ਉਥੇ ਮਲ ਅਤੇ ਕੂੜੇ ਕਰਕਟ ਦਾ ਨਿਪਟਾਰਾ ਕਰਨ ਵਾਲੀਆਂ ਪ੍ਰਕ੍ਰਿਆਵਾਂ ਲੜ ਖੜਾ ਜਾਣਗੀਆਂ।

**ਪ੍ਰਸ਼ਾਂਤ** : ਅਜਿਹੇ ਸਮੇਂ 'ਤੇ ਕਈ ਵਾਰ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਓਵਰਫਲੋ ਪਾਣੀ ਨੂੰ ਕੁਝ ਵੱਡੇ ਛੇਕਾਂ ਵਾਲੇ ਫਿਲਟਰਾਂ ਵਿਚੋਂ ਕੱਢ ਕੇ ਬਿਨਾਂ ਉਪਚਾਰ ਕੀਤੇ ਜਲ ਸੋਮਿਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ।

**ਸਾਗਰ** : ਅੱਛਾ? ਇਸੇ ਤਰ੍ਹਾਂ ਬਿਨਾਂ ਉਪਚਾਰ ਕੀਤੇ?

**ਕਲਿਆਣੀ** : ਇਸ ਨਾਲ ਤਾਂ ਜਮੀਨ ਅੰਦਰਲਾ ਪਾਣੀ ਵੀ ਖ਼ਰਾਬ ਹੋ ਸਕਦਾ ਹੈ?

**ਡਾ. ਸੁਰਿੰਦਰ** : ਹੋ ਸਕਦਾ ਨਹੀਂ, ਹੋ ਜਾਂਦਾ ਹੈ। ਮਾਈਕ੍ਰੋਨੇਸ਼ੀਆ ਦੇ ਚੱਕ ਦੀਪ 'ਤੇ ਵਸਣ ਵਾਲੇ ਲੋਕਾਂ ਵਿੱਚ ਨੀਨੋ ਤੂਫ਼ਾਨ ਤੋਂ ਬਾਦ ਦਸਤ ਦੇ ਰੋਗੀਆਂ ਦੀ ਗਿਣਤੀ ਵਿੱਚ ਬੇ-ਹਿਸਾਬ ਵਾਧਾ ਹੋਇਆ ਸੀ।

**ਸਾਗਰ** : ਹਾਂ! ਵੈਸੈ ਵੀ ਆਮ ਤੌਰ 'ਤੇ ਅਸੀਂ ਵੇਖਦੇ ਹਾਂ ਕਿ ਹੜ੍ਹ ਆਉਣ ਨਾਲ ਹੈਜ਼ਾ ਫੈਲ ਜਾਂਦਾ ਹੈ।

**ਡਾ. ਸੁਰਿੰਦਰ** : ਵਾਤਾਵਰਨ ਵਿੱਚ ਹੋਣ ਵਾਲੇ ਪਰਿਵਰਤਨਾਂ ਕਾਰਨ ਇਨ੍ਹਾਂ ਰੋਗਾਂ ਨੂੰ ਫੈਲਾਉਣ ਵਾਲੇ ਰੋਗਾਣੂਆਂ-ਜੀਵਾਣੂਆਂ ਵਿੱਚ ਵੀ ਇਸ ਤਰ੍ਹਾਂ ਦੇ ਪਰਿਵਰਤਨ ਆਉਣ ਲੱਗੇ ਹਨ ਕਿ ਆਮ ਕੀਟਨਾਸ਼ਕ, ਦਵਾਈਆਂ ਉਨ੍ਹਾਂ 'ਤੇ ਅਸਰ ਨਹੀਂ ਕਰਦੀਆਂ।

**ਕਲਿਆਣੀ** : ਅੰਕਲ, ਕੀ ਸਿਰਫ ਪਾਣੀ ਵਿੱਚ ਰਹਿਣ ਵਾਲੇ ਰੋਗਾਣੂ ਅਤੇ ਕੀੜੇ ਹੀ ਇਨ੍ਹਾਂ ਪਰਿਵਰਤਨਾਂ ਨਾਲ ਪ੍ਰਭਾਵਿਤ ਹੁੰਦੇ ਹਨ? ਕੁਝ ਕੀੜੇ ਤਾਂ ਮਿੱਟੀ 'ਚ ਵੀ ਰਹਿੰਦੇ ਹਨ ਉਨ੍ਹਾਂ ਦਾ ਕੀ ਹੁੰਦਾ ਹੈ?

**ਪ੍ਰਸ਼ਾਂਤ** : ਉਨ੍ਹਾਂ 'ਤੇ ਵੀ ਇਨ੍ਹਾਂ ਪਰਿਵਰਤਨਾਂ ਦਾ ਪ੍ਰਭਾਵ ਤਾਂ ਪੈਂਦਾ ਹੀ ਹੋਵੇਗਾ!

**ਡਾ. ਸੁਰਿੰਦਰ** : ਪ੍ਰਭਾਵ ਤਾਂ ਧਰਤੀ, ਅਕਾਸ਼, ਹਵਾ, ਪਾਣੀ, ਮਿੱਟੀ ਹਰ ਜਗ੍ਹਾ 'ਤੇ ਪੈਂਦਾ ਹੈ।

**ਸਾਗਰ** : ਤਾਂ ਕੀ ਮਿੱਟੀ ‘ਤੇ ਵੀ?.....

**ਡਾ. ਸੁਰਿੰਦਰ** : ਹਾਂ ਜੀ, ਇੱਕ ਤਾਂ ਜਲਵਾਯੂ-ਪਰਿਵਰਤਨ ਕਾਰਨ ਮਿੱਟੀ ਦੀ ਬਣਤਰ ਵਿੱਚ ਹੀ ਪਰਿਵਰਤਨ ਹੋਣ ਲੱਗਦੇ ਹਨ। ਜਿਸ ਨਾਲ ਅੰਤੜੀ ਕੀੜੇ ਜਾਂ ਐਸਕੇਰਿਸ ਯਾਣੀ ਜੂਨਾਂ ਅਤੇ ਹੁੱਕ-ਵਰਮ ਉਪਰ ਹੀ ਬਹੁਤ ਜਿਆਦਾ ਪ੍ਰਭਾਵ ਪੈਂਦੇ ਹਨ!

**ਵਰਿੰਦਰ** : ਐਸਕੇਰਿਸ ਤਾਂ ਉਹ ਕੀੜਾ ਹੈ ਜਿਹੜਾ ਕਦੇ-ਕਦੇ ਮਲ ਵਿੱਚੋਂ ਨਿਕਲਦਾ ਹੈ, ਵੱਡੇ ਗੰਡੋਏ ਵਰਗਾ। ਪਰ ਇਹ ਹੁੱਕ ਵਰਮ ਕੀ ਹੈ?

**ਡਾ. ਸੁਰਿੰਦਰ** : ਹੁੱਕ ਵਰਮ....? ਇਹ ਤਾਂ ਅੰਤੜੀਆਂ ਵਿੱਚ ਪਾਇਆ ਜਾਣ ਵਾਲਾ ਇੱਕ ਤਰ੍ਹਾਂ ਦਾ ਕੀੜਾ ਹੈ। ਨੰਗੇ ਪੈਰ ਚੱਲਣ ਵਾਲੇ ਵਿਅਕਤੀਆਂ ‘ਚ ਇਸ ਕੀੜੇ ਦਾ ਲਾਰਵਾ ਪੈਰ ਦੀਆਂ ਉਂਗਲੀਆਂ ਵਿਚਕਾਰਲੇ ਨਰਮ ਮਾਸ ਵਿੱਚੋਂ ਦੀ ਲੰਘ ਕੇ ਉਸ ਦੇ ਖੂਨ ਵਿੱਚ ਪਹੁੰਚ ਜਾਂਦਾ ਹੈ, ਖੂਨ ਤੋਂ ਇਹ ਫੇਫੜਿਆਂ ਵਿੱਚ ਤੇ ਫਿਰ ਖੰਘ ਕਾਰਨ ਸਾਹ ਨਾਲੀ ਵਿੱਚ ਆ ਜਾਂਦਾ ਹੈ। ਸਾਹ ਨਾਲੀ ਤੋਂ ਇਹ ਆਪਣੇ ਅਸਲੀ ਟਿਕਾਣੇ ਭਾਵ ਅੰਤੜੀਆਂ ਤੱਕ ਪਹੁੰਚ ਜਾਂਦਾ ਹੈ।

**ਪ੍ਰਸ਼ਾਂਤ** : ਅੰਤੜੀਆਂ ਵਿੱਚ ਇਹ ਖੂਨ ਚੂਸਦੇ ਹਨ ਅਤੇ ਖੂਨ ਦੀ ਕਮੀ ਭਾਵ ਐਨੀਮੀਆ ਪੈਦਾ ਕਰਦੇ ਹਨ।

**ਡਾ. ਸੁਰਿੰਦਰ** : ਕਲਿਆਣੀ, ਹੁਕ-ਵਰਮ ਅਤੇ ਐਸਕੇਰਿਸ ਦੋਵੇਂ ਉਸ ਮਿੱਟੀ ਵਿੱਚ ਪਲਦੇ ਹਨ ਜਿਸ ਦਾ ਤਾਪਮਾਨ 18 ਡਿਗਰੀ ਸੈਂਟੀਗ੍ਰੇਡ ਜਾਂ ਵੱਧ ਹੋਵੇ ਤੇ ਜਿਸ ਵਿੱਚ ਕਾਫੀ ਨਮੀ ਵੀ ਹੋਵੇ ਤਾਂ ਜੋ ਇਨ੍ਹਾਂ ਦੇ ਅੰਡੇ ਅਤੇ ਲਾਰਵਾ ਸੁੱਕਣ ਨਾ।

**ਕਲਿਆਣੀ** : ਗਲੋਬਲ ਵਾਰਮਿੰਗ ਨਾਲ ਵਾਤਾਵਰਨ ਵਿੱਚ, ਹੋਏ ਪਰਿਵਰਤਨਾਂ ਕਾਰਨ ਇਨ੍ਹਾਂ ਨੂੰ ਮੁਆਫ਼ਕ ਵਾਤਾਵਰਨ ਮਿਲਣ ਲੱਗ ਪਿਆ ਹੈ। ਇਸ ਲਈ ਠੰਢੇ ਸਥਾਨਾਂ ‘ਚ ਜਿੱਥੇ ਪਹਿਲਾਂ ਇਹ ਘੱਟ ਹੀ ਹੁੰਦੇ ਸਨ, ਹੁਣ ਗਲੋਬਲ ਵਾਰਮਿੰਗ ਦੇ ਕਾਰਨ ਬਹੁਤ ਜਿਆਦਾ ਮਾਤਰਾ ਵਿੱਚ ਪਾਏ ਜਾਂਦੇ ਹਨ।

**ਡਾ. ਸੁਰਿੰਦਰ** : ਇਸ ਤੋਂ ਇਲਾਵਾ ਕੁਝ ਅਜਿਹੀਆਂ ਬਿਮਾਰੀਆਂ ਹਨ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਉਹ ਖ਼ਤਮ ਹੋ ਗਈਆਂ ਹਨ ਪਰ ਫਿਰ ਤੋਂ ਵਾਪਸ ਆਉਣ ਲੱਗੀਆਂ ਹਨ।

**(ਪੈਰਾਂ ਦੀ ਅਵਾਜ਼, ਵਸੁਧਾ ਆ ਜਾਂਦੀ ਹੈ)**

**ਵਸੁਧਾ** : **(ਆਉਂਦੀ ਹੋਈ)**: ਮੈਂ ਲਿਆਈ ਹਾਂ, ਚਾਹ ਅਤੇ ਗਰਮਾ-ਗਰਮ ਪਕੌੜੇ। ਪ੍ਰਸ਼ਾਂਤ, ਤੁਹਾਨੂੰ ਕੋਈ ਚੀਜ਼ ਖਾਣ ਦੀ ਮਨਾਹੀ ਤਾਂ ਨਹੀਂ ... ਮੇਰਾ ਮਤਲਬ ਪ੍ਰਹੇਜ?

**ਪ੍ਰਸ਼ਾਂਤ** : ਹੁੰਦਾ ਵੀ ਤਾਂ ਵੀ ਇਨ੍ਹਾਂ ਪਕੌੜਿਆਂ ਨੂੰ ਵੇਖ ਕੇ ਮੈਂ ਰੁਕ ਨਹੀਂ ਸੀ ਸਕਦਾ, ਭੈਣ?

**ਵਸੁਧਾ** : ਠੀਕ ਹੈ ਤਾਂ ਮਹਿਫ਼ਲ ਬਰਖਾਸਤ.. ਇਨ੍ਹਾਂ ਨੂੰ ਕੁਝ ਪੇਟ-ਪੂਜਾ ਕਰਨ ਦਿਓ.. ਨਹਾਉਣ ਧੋਣ ਦਿਓ। ਗੱਲਾਂ ਕਰਨ ਨੂੰ ਤਾਂ ਸਾਰਾ ਦਿਨ ਪਿਆ ਵਾ!

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**ਸਥਾਨ** : **ਘਰ ਦਾ ਡਰਾਇੰਗ ਰੂਮ**

**ਵਰਿੰਦਰ, ਸਾਗਰ, ਵਸੁਧਾ, ਪ੍ਰਸ਼ਾਂਤ ਅਤੇ ਡਾ. ਸੁਰਿੰਦਰ ਡਰਾਇੰਗ ਰੂਮ ਵਿੱਚ ਬੈਠੇ ਗੱਲਾਂ ਕਰ ਰਹੇ ਹਨ।**

**ਵਸੁਧਾ** : ਸੁਰਿੰਦਰ ਵੀਰ, ਤੁਸੀਂ ਕਿਤੇ ਘੁੰਮਣ ਜਾਣਾ ਚਾਹੋਗੇ?.. ਮੇਰਾ ਮਤਲਬ ਸ਼ਾਪਿੰਗ ਤਾਂ ਨਹੀਂ ਕਰਨੀ?

**ਡਾ. ਸੁਰਿੰਦਰ** : ਕੁਝ ਖ੍ਰੀਦਣ ਦੀ ਇੱਛਾ ਤਾਂ ਸੀ ਪਰ ਹੁਣ ਸ਼ਾਮ ਨੂੰ ਵੇਖਾਂਗੇ।

**ਵਸੁਧਾ** : ਤਾਂ ਠੀਕ ਹੈ ਅਰਾਮ ਕਰੋ ਇਹ ਬਾਂਦਰ-ਸੈਨਾ ਤਾਂ ਤੁਹਾਨੂੰ ਘੇਰ ਕੇ ਹੀ ਰੱਖੇਗੀ।

**ਪ੍ਰਸ਼ਾਂਤ** : ਨਹੀਂ-ਨਹੀਂ ਹੁਣ ਤਾਂ ਇਹ ਵੱਡੀਆਂ-ਵੱਡੀਆਂ ਗੱਲਾਂ ਕਰਨ ਲੱਗੇ ਨੇ ਦੋਵੇਂ। ਪਿਛਲੀ ਵਾਰ ਜਦੋਂ ਮੈਂ ਆਇਆ ਸੀ ਤਾਂ ਇਹ ਕਾਫੀ ਛੋਟੇ ਸਨ।

**ਡਾ. ਸੁਰਿੰਦਰ** : ਹਾਂ, ਮੈਂ ਵੀ ਵੇਖ ਰਿਹਾ ਹਾਂ ਪ੍ਰਸ਼ਾਂਤ ਕਿ ਕਲਿਆਣੀ ਦੀ ਤਾਂ ਗਲੋਬਲ ਵਾਰਮਿੰਗ ਵਿਸ਼ੇ ‘ਚ ਕਾਫੀ ਰੁਚੀ ਹੈ। ਬਹੁਤ ਵਧੀਆ, ਕੱਲ੍ਹ ਦੇ ਨਾਗਰਿਕ ਹੁਣੇ ਤੋਂ ਇਸ ਵਿਸ਼ੇ ‘ਚ ਦਿਲਚਸਪੀ ਵਿਖਾ ਰਹੇ ਹਨ।

**ਵਰਿੰਦਰ** : ਕੋਈ ਦਿਲਚਸਪੀ ਨਹੀਂ ਅੰਕਲ, ਇਸ ਦੀ ਅਸਲੀਅਤ ਤਾਂ ਮੈਂ ਹੀ ਜਾਣਦਾ ਹਾਂ।

**ਕਲਿਆਣੀ** : **(ਖਿਝਦੇ ਹੋਏ)** ਮੇਰੀ ਕੀ ਅਸਲੀਅਤ ਹੈ ਜੋ ਤੂੰ ਜਾਣਦਾ ਹੈਂ?

**ਵਰਿੰਦਰ** : ਪ੍ਰਸ਼ਾਂਤ ਮਾਮਾ ਜੀ, ਕਲਿਆਣੀ ਨੇ ਗਲੋਬਲ ਵਾਰਮਿੰਗ ‘ਤੇ ਇੱਕ ਪ੍ਰੋਜੈਕਟ ਤਿਆਰ ਕਰਨਾ ਹੈ। ਨਹੀਂ ਤਾਂ ਇਹ ਇਸ ਦੀ ਦਿਲਚਸਪੀ ਵਾਲਾ ਵਿਸ਼ਾ ਨਹੀਂ ਸੀ। ਇਹ ਤਾਂ ਘਰ ਦੇ ਸਾਹਮਣੇ ਤੋਂ ਲੰਘਣ ਵਾਲੀ ਨਾਲੀ ਤੱਕ ਵਿੱਚ ਵੀ ਕੋਈ ਦਿਲਚਸਪੀ ਨਹੀਂ ਰੱਖਦੀ।

**ਕਲਿਆਣੀ** : ਅੱਛਾ?

**ਪ੍ਰਸ਼ਾਂਤ** : ਸੱਚਮੁੱਚ ਕਲਿਆਣੀ! ਕੀ ਤੂੰ ਗਲੋਬਲ ਵਾਰਮਿੰਗ ‘ਤੇ ਪ੍ਰੋਜੈਕਟ ਤਿਆਰ ਕਰ ਰਹੀ ਹੈਂ?

**ਕਲਿਆਣੀ** : ਜੀ ਹਾਂ, ਤਾਹੀਂ ਤਾਂ...

**ਵਰਿੰਦਰ** : ਵੇਖਿਆ... ਮੈਂ ਸੱਚ ਹੀ ਕਹਿ ਰਿਹਾ ਸੀ ਨਾ?

**ਪ੍ਰਸ਼ਾਂਤ** : ਕਿਹੜਾ ਵਿਸ਼ਾ ਹੈ ਤੇਰਾ?

**ਕਲਿਆਣੀ** : ਗਲੋਬਲ ਵਾਰਮਿੰਗ ਅਤੇ ਮਨੁੱਖੀ ਸਿਹਤ।

**ਪ੍ਰਸ਼ਾਂਤ** : ਤਾਂ ਤੇ ਤੂੰ ਬਹੁਤ ਖੁਸ਼ਕਿਸਮਤ ਹੈਂ...

**ਸਾਗਰ** : ਉਹ ਕਿਉਂ, ਪ੍ਰਸ਼ਾਂਤ?

**ਪ੍ਰਸ਼ਾਤ** : ਉਹ, ਇਸ ਲਈ, ਜੀਜਾ ਜੀ, ਕਿ ਇਸ ਵਿਸ਼ੇ ਬਾਬਤ ਡਾ. ਸੁਰਿੰਦਰ ਬਹੁਤ ਵਧੀਆ ਜਾਣਕਾਰੀ ਰੱਖਦਾ ਹੈ ਅਤੇ ਸੰਯੋਗ ਵਸ ਡਾ. ਸੁਰਿੰਦਰ ਇਸ ਸਮੇਂ ਮੇਰੇ ਨਾਲ ਆ ਗਏ ਹਨ।

**ਵਸੁਧਾ** : ਤਾਂ ਸੁਰਿੰਦਰ ਵੀਰ, ਤੁਸੀਂ ਵਿਸ਼ਵ ਸਿਹਤ ਸੰਗਠਨ ਵਿੱਚ ਇਹੀ ਸਭ ਕੁਝ ਵੇਖਦੇ ਹੋ?

**ਡਾ. ਸੁਰਿੰਦਰ** : ਹਾਂ ਭੈਣ...

**ਵਸੁਧਾ** : ਇਸ ਦਾ ਮਤਲਬ ਮਹਿਫ਼ਲ ਚਾਲੂ ਰਹੇਗੀ। ਸੁਰਿੰਦਰ ਨੂੰ ਅਰਾਮ ਕਰਨ ਦੀ ਇਜ਼ਾਜਤ ਨਹੀਂ ਮਿਲੇਗੀ।

**ਡਾ. ਸੁਰਿੰਦਰ** : ਨਹੀਂ ਭੈਣ, ਅਰਾਮ ਕਰਨ ਦੀ ਜ਼ਰੂਰਤ ਵੀ ਨਹੀਂ ਲਗਦੀ।

**ਵਸੁਧਾ** : ਠੀਕ ਹੈ, ਤਾਂ ਮੈਂ ਚਲਦੀ ਹਾਂ। ਦੁਪਿਹਰ ਦੇ ਖਾਣੇ ਦਾ ਪ੍ਰਬੰਧ ਕਰਨ ਲਈ..

**(ਪੈਰਾਂ ਦੀ ਅਵਾਜ਼, ਵਸੁਧਾ ਦਾ ਜਾਣਾ)**

......**ਦ੍ਰਿਸ਼ ਬਦਲਾਅ ਸੰਗੀਤ**......

......ਦ੍ਰਿਸ਼ ਚੌਥਾ......

ਸਥਾਨ : ਉਹੀ

(ਕਲਿਆਣੀ, ਵਰਿੰਦਰ, ਡਾ. ਸੁਰਿੰਦਰ ਅਤੇ ਪ੍ਰਸ਼ਾਂਤ ਬੈਠੇ ਹਨ)

**ਕਲਿਆਣੀ** : ਅੰਕਲ, ਤੁਸੀਂ ਦੱਸ ਰਹੇ ਸੀ ਕਿ ਅੱਜ ਕੱਲ੍ਹ ਕੁਝ ਅਜਿਹੀਆਂ ਬਿਮਾਰੀਆਂ ਫੈਲ ਰਹੀਆਂ ਹਨ ਜਿਨ੍ਹਾਂ ਬਾਰੇ ਸੋਚਿਆ ਜਾਂਦਾ ਸੀ ਕਿ ਹੁਣ ਉਹ ਹਮੇਸ਼ਾ-ਹਮੇਸ਼ਾ ਲਈ ਖਤਮ ਹੋ ਗਈਆਂ ਹਨ।

**ਵਰਿੰਦਰ** : ਜਿਵੇਂ

**ਡਾ. ਸੁਰਿੰਦਰ** : ਐਂਥਰੈਕਸ, ਮੰਕੀ-ਪਾਕਸ, ਜ਼ੀਕਾ ਵਾਇਰਸ, ਹੈਜ਼ਾ, ਵੈਸਟ ਨਿੱਡ ਵਾਇਰਸ, ਹਾਂਟਾ ਵਾਇਰਸ ਡਿਸੀਜ਼ ਵਰਗੀਆਂ ਬਿਮਾਰੀਆਂ, ਪਹਿਲਾਂ ਇਹ ਸਮਝੀਆਂ ਜਾਂਦੀਆਂ ਸਨ ਕਿ ਜਾਂ ਤਾਂ ਇਹ ਖ਼ਤਮ ਹੋ ਗਈਆਂ ਹਨ ਜਾਂ ਫਿਰ ਕਿਤੇ-ਕਿਤੇ ਪਾਈਆਂ ਜਾਂਦੀਆਂ ਸਨ।

**ਪ੍ਰਸ਼ਾਂਤ** : ਤੇ ਅੱਜ.....?

**ਡਾ. ਸੁਰਿੰਦਰ** : ਅੱਜ ਇਹ ਫਿਰ ਤੋਂ ਪਣਪ ਰਹੀਆਂ ਹਨ।

**ਵਰਿੰਦਰ** : ਅੱਛਾ, ਅੰਕਲ?

**ਡਾ. ਸੁਰਿੰਦਰ** : ਜੁਲਾਈ 2016 ਵਿੱਚ ਸਾਈਬੇਰੀਆ ਵਿੱਚ ਅਚਾਨਕ ਇੱਕ ਸਥਾਨ ‘ਤੇ ਰੇਨਡੀਅਰਾਂ ਦੇ ਝੁੰਡਾਂ ‘ਤੇ ਐਂਥਰੈਕਸ ਦਾ ਕਹਿਰ ਸ਼ੁਰੂ ਹੋ ਗਿਆ। ਵੇਖਦੇ-ਵੇਖਦੇ 2300 ਰੇਂਨਡੀਅਰਾਂ ਦੀ ਮੌਤ ਹੋ ਗਈ।

**ਕਲਿਆਣੀ** : ਐਂਥਰੈਕਸ, ਇਹ ਕੀ ਅੰਕਲ?

**ਡਾ. ਸੁਰਿੰਦਰ** : ਕਲਿਆਣੀ, ਐਂਥਰੈਕਸ, ਜਾਨਵਰਾਂ ਨੂੰ ਜੀਵਾਣੂਆਂ ਨਾਲ ਹੋਣ ਵਾਲਾ ਇੱਕ ਖ਼ਾਸ ਕਿਸਮ ਦੀ ਲਾਗ ਵਾਲਾ ਰੋਗ ਹੈ। ਇਸ ਨਾਲ ਪੀੜਤ ਪਸ਼ੂ ਦੀ ਅਕਸਰ ਮੌਤ ਹੋ ਜਾਂਦੀ ਹੈ।

**ਪ੍ਰਸ਼ਾਂਤ** : ਸ਼ਾਇਦ ਲੂਈਸ-ਪਾਸਚਰ ਨੇ ਇਸ ਦਾ ਟੀਕਾ ਬਣਾਇਆ ਸੀ?

**ਡਾ. ਸੁਰਿੰਦਰ** : ਹਾਂ, ਉਹ ਲੋਕ ਜਿਹੜੇ ਪਸ਼ੂਆਂ ਦੀ ਦੇਖਭਾਲ ਕਰਦੇ ਹਨ, ਉਨ੍ਹਾਂ ਨੂੰ ਇਹ ਰੋਗ ਲੱਗ ਜਾਂਦਾ ਹੈ।

**ਵਰਿੰਦਰ** : ਕੀ ਇਹ ਮਨੁੱਖਾਂ ਨੂੰ ਹੋਣ ਵਾਲਾ ਰੋਗ ਨਹੀਂ ਹੈ?

**ਡਾ. ਸੁਰਿੰਦਰ** : ਹੈ, ਪਰ ਇਹ ਮਨੁੱਖਾਂ ਨੂੰ ਜਾਨਵਰਾਂ ਤੋਂ ਹੀ ਲਗਦਾ ਹੈ। ਮਨੁੱਖਾਂ ਵਿੱਚ ਇਹ ਚਮੜੀ, ਫੇਫੜੇ ਅਤੇ ਅੰਤੜੀਆਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ। ਇਨ੍ਹਾਂ ਵਿੱਚੋਂ ਫੇਫੜਿਆਂ ਵਾਲਾ ਐਂਥਰੈਕਸ ਕਾਫ਼ੀ ਖ਼ਤਰਨਾਕ ਹੁੰਦਾ ਹੈ ਇਸ ਨਾਲ ਗ੍ਰਸਤ ਅੱਧੇ ਤੋਂ ਜ਼ਿਆਦਾ ਰੋਗੀ ਮਰ ਜਾਂਦੇ ਹਨ।

**ਕਲਿਆਣੀ** : ਪਰ ਐਂਥਰੈਕਸ ਦਾ ਟੀਕਾ ਤਾਂ ਮਿਲਦਾ ਹੈ?

**ਡਾ. ਸੁਰਿੰਦਰ** : ਤਾਂ ਹੀ ਤਾਂ ਇਸ ਟੀਕੇ ਦੀ ਵਰਤੋਂ ਕਰਕੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਅਸੀਂ ਇਹ ਬਿਮਾਰੀ ਜੜ੍ਹੋਂ ਹੀ ਪੁੱਟ ਸੁੱਟੀ ਸੀ। ਐਂਥਰੈਕਸ ਦਾ ਆਖਰੀ ਰੋਗੀ ਸੰਨ 1941 ਵਿੱਚ ਵੇਖਿਆ ਗਿਆ ਸੀ।

**ਕਲਿਆਣੀ** : ਫੇਰ 2016 ਵਿੱਚ ਕੀ ਹੋਇਆ, ਇਹ ਬਿਮਾਰੀ ਮੁੜ ਕਿਵੇਂ ਆ ਗਈ?

**ਡਾ. ਸੁਰਿੰਦਰ** : ਐਂਥਰੈਕਸ ਨਾਲ ਮਰੇ ਇੱਕ ਰੇਂਡੀਅਰ ਦਾ ਸਰੀਰ 75 ਸਾਲ ਪਹਿਲਾਂ ਬਰਫ਼ ਵਿੱਚ ਦਬ ਗਿਆ ਸੀ।

**ਪ੍ਰਸ਼ਾਂਤ** : ਫਿਰ...?

**ਡਾ. ਸੁਰਿੰਦਰ** : ਬਰਫ਼ ਵਿੱਚ ਉਸ ਦੇ ਸਰੀਰ ਦੇ ਨਾਲ-ਨਾਲ ਐਂਥਰੈਕਸ ਦੇ ਇਹ ਕੀਟਾਣੂ ਵੀ ਸੁਰੱਖਿਅਤ ਰਹੇ। ਗਲੋਬਲ ਵਾਰਮਿੰਗ ਦੇ ਕਾਰਨ ਜਦੋਂ ਉੱਥੋਂ ਦੀ ਬਰਫ਼ ਪਿਘਲ ਗਈ ਤਾਂ ਰੇਨਡੀਅਰ ਦਾ ਇਹ ਪਿੰਜਰ ਖੁੱਲ੍ਹੇ ਵਿੱਚ ਆ ਗਿਆ ਤੇ ਉਸ ਦੇ ਸਰੀਰ ਦੇ ਕਿਟਾਣੂ ਸਹੀ ਤਾਪਮਾਨ ਨਾਲ ਸਰਗਰਮ (ਕਿਰਿਆਸ਼ੀਲ) ਹੋ ਗਏ।

**ਪ੍ਰਸ਼ਾਂਤ** : ਵਾਹ ਇਕ ਦਮ ਫਿਲਮੀ ਅੰਦਾਜ਼...

**ਡਾ. ਸੁਰਿੰਦਰ** : ਅਤੇ ਵੇਖਦੇ-ਵੇਖਦੇ 72 ਲੋਕ ਹਸਪਤਾਲ 'ਚ ਭਰਤੀ ਹੋ ਗਏ। ਜਿਨ੍ਹਾਂ 'ਚੋਂ ਇੱਕ ਬੱਚੇ ਦੀ ਮੌਤ ਹੋ ਗਈ।

**ਕਲਿਆਣੀ** : ਗਲੋਬਲ ਵਾਰਮਿੰਗ ਨਾਲ ਬਰਫ਼ ਪਿਘਲ ਗਈ, ਬਰਫ਼ ਵਿੱਚ ਦੱਬੇ ਜੀਵਾਣੂ ਸਰਗਰਮ ਹੋ ਗਏ ਅਤੇ ਇੱਕ ਬੱਚੇ ਦੀ ਮੌਤ ਹੋ ਗਈ... ਕੁਦਰਤ ਦਾ ਜੁਰੈਸਿਕ ਪਾਰਕ... ਤੁਹਾਨੂੰ ਇਹ ਸਭ ਕੁਝ ਅਜੀਬ ਨਹੀਂ ਲੱਗਦਾ?

**ਡਾ. ਸੁਰਿੰਦਰ** : ਅਜੇ ਤਾਂ ਇਹ ਅਜੀਬ ਲੱਗਦਾ ਹੈ ਪਰ ਜਦੋਂ ਇਹ ਆਮ ਹੋ ਜਾਵੇਗਾ ਤਦ ਅਜੀਬ ਨਹੀਂ ਲੱਗੇਗਾ?

**ਕਲਿਆਣੀ** : ਕੀ ਮਤਲਬ, ਅੰਕਲ?

**ਡਾ. ਸੁਰਿੰਦਰ** : ਇਹ ਕਹਾਣੀ ਸਿਰਫ਼ ਐਂਥਰੈਕਸ ਦੀ ਹੀ ਨਹੀਂ!

**ਵਰਿੰਦਰ** : ਫਿਰ...

**ਡਾ. ਸੁਰਿੰਦਰ** : ਇਹੀ ਹਾਲ ਜ਼ੀਕਾ ਵਾਇਰਸ ਦਾ ਵੀ ਹੈ।

**ਕਲਿਆਣੀ** : ਉਹ ਕੀ?

**ਡਾ. ਸੁਰਿੰਦਰ** : ਜ਼ੀਕਾ ਵਾਇਰਸ.... ਡੇਂਗੂ ਅਤੇ ਚਿਕਨ-ਗੁਨੀਆ ਨਾਲ ਮਿਲਦਾ-ਜੁਲਦਾ ਵਾਇਰਸ ਹੈ ਜਿਹੜਾ ਦਿਨ ਦੇ ਸਮੇਂ ਉਡਣ ਵਾਲੇ ਏਡੀਜ਼ ਮੱਛਰਾਂ ਦੁਆਰਾ ਫੈਲਾਇਆ ਜਾਂਦਾ ਹੈ। ਇਹਨਾਂ ਮੱਛਰਾਂ ਨੂੰ ਪਲਣ ਲਈ ਪਤਾ ਹੈ ...! ਮੀਂਹ ਦਾ ਕਿੰਨਾ ਕੁ ਪਾਣੀ ਚਾਹੀਦਾ ਹੈ?

**ਕਲਿਆਣੀ** : ਜੀ, ਕਿੰਨਾ ਕੁ?

**ਡਾ. ਸੁਰਿੰਦਰ** : ਜਿੰਨਾ ਕੁ ਬੋਤਲ ਦੇ ਇੱਕ ਢੱਕਣ 'ਚ ਆ ਜਾਵੇ!

**ਕਲਿਆਣੀ** : ਡੇਂਗੂ ਦੇ ਬਾਰੇ ਤਾਂ ਪਤਾ ਹੈ ਕਿ ਇਸ ਵਿੱਚ ਖੂਨ ਵਿਚਲੇ ਪਲੇਟਲੈੱਟ ਘਟ ਜਾਂਦੇ ਹਨ!

**ਵਰਿੰਦਰ** : ਹਾਂ ਪਲੇਟਲੈੱਟਸ ਦੀ ਕਮੀ ਹੋਣ ਨਾਲ ਸਰੀਰ ਵਿੱਚੋਂ ਖੂਨ ਵਹਿਣ ਲਗ ਜਾਂਦਾ ਹੈ ਅਤੇ ਜਿਸ ਨਾਲ ਰੋਗੀ ਦੀ ਮੌਤ ਵੀ ਹੋ ਸਕਦੀ ਹੈ।

**ਡਾ. ਸੁਰਿੰਦਰ** : ਉਹ... ਤੈਨੂੰ ਤਾਂ ਡੇਂਗੂ ਦੇ ਬਾਰੇ ਬਹੁਤ ਕੁਝ ਪਤਾ ਹੈ!

**ਵਰਿੰਦਰ** : ਗੁਆਂਢ ਵਾਲੇ ਅੰਕਲ ਨੂੰ ਡੇਂਗੂ ਹੋਇਆ ਸੀ ਉਦੋਂ ਮੈਂ ਵੀ ਮੰਮੀ-ਪਾਪਾ ਨਾਲ ਉਨ੍ਹਾਂ ਨੂੰ ਹਸਪਤਾਲ ਵੇਖਣ ਗਿਆ ਸੀ ਉੱਥੇ ਸਾਰੇ ਲੋਕ ਇਹੀ ਗੱਲਾਂ ਕਰ ਰਹੇ ਸਨ।

**ਪ੍ਰਸ਼ਾਂਤ** : ਚਿਕਨਗੁਨੀਆ ਵੀ ਇਸੇ ਤਰ੍ਹਾਂ ਦਾ ਇੱਕ ਬੁਖਾਰ ਹੈ। ਇਸ ਬੁਖਾਰ 'ਚ ਵੀ ਜੋੜਾਂ ਦਾ ਖ਼ਤਰਨਾਕ ਦਰਦ ਹੁੰਦਾ ਹੈ, ਡੇਂਗੂ ਵਾਂਗ ਇਸ ਦਾ ਵੀ ਕੋਈ ਇਲਾਜ ਨਹੀਂ ਹੈ, ਕੇਵਲ ਦਰਦਾਂ ਅਤੇ ਬੁਖਾਰ ਦੀ ਹੀ ਦਵਾਈ ਦਿੱਤੀ ਜਾ ਸਕਦੀ ਹੈ।

**ਡਾ. ਸੁਰਿੰਦਰ** : ਜ਼ੀਕਾ ਵਾਇਰਸ ਵੀ ਇਸ ਨਾਲ ਮਿਲਦਾ-ਜੁਲਦਾ ਵਾਇਰਸ ਹੈ। ਸੰਨ 1968 ਵਿੱਚ ਪਹਿਲੀ ਵਾਰ

ਨਾਇਜੀਰੀਆ ਵਿੱਚ ਇੱਕ ਰੋਗੀ ਨੂੰ ਇਹ ਬਿਮਾਰੀ ਹੋਈ ਸੀ।

**ਕਲਿਆਣੀ** : ਮਤਲਬ ਇਸ ਤੋਂ ਪਹਿਲਾਂ ਜ਼ੀਕਾ ਵਾਇਰਸ ਨੇ ਕਦੇ ਵੀ ਮਨੁੱਖਾਂ ‘ਤੇ ਹਮਲਾ ਨਹੀਂ ਸੀ ਕੀਤਾ?

**ਡਾ. ਸੁਰਿੰਦਰ** : ਹਾਂ! ਇਸ ਤੋਂ ਬਾਅਦ ਵੀ ਕਈ ਸਾਲ ਇਹ ਭੂ-ਮੱਧ ਰੇਖਾ ਦੇ ਨੇੜੇ-ਤੇੜੇ ਵਾਲੇ ਕੁਝ ਦੇਸ਼ਾਂ ਤੱਕ ਹੀ ਸੀਮਤ ਸੀ ਜਿਵੇਂ ਕਿ ਸੈਂਟਰਲ ਅਫ਼ਰੀਕਨ ਰਿਪਬਲਿਕ, ਮਿਸਰ, ਗੈਬੋਨ, ਸਿਅਰਾਂ ਲਿਓਨ, ਤੇਨਜ਼ਾਨੀਆ, ਇੰਡੋਨੇਸ਼ੀਆ, ਮਲੇਸ਼ੀਆ, ਫਿਲੀਪੀਂਸ, ਥਾਈਲੈਂਡ, ਵਿਅਤਨਾਮ ਆਦਿ।

**ਪ੍ਰਸ਼ਾਂਤ** : ਪਰ ਹੁਣ ਇਹ ਉਨ੍ਹਾਂ ਖੇਤਰਾਂ ਵਿੱਚ ਵੀ ਹੋਣ ਲੱਗਾ ਹੈ ਜਿੱਥੇ ਇਹ ਪਹਿਲਾਂ ਨਹੀਂ ਸੀ ਹੁੰਦਾ।

**ਕਲਿਆਣੀ** : ਜਿਵੇਂ?

**ਡਾ. ਸੁਰਿੰਦਰ** : ਸੰਨ 2014 ਵਿੱਚ ਫਰੈਂਚ ਪੋਲੀਨੇਸ਼ੀਆ ਅਤੇ ਈਸਟਰ ਆਈਲੈਂਡ ਵਿੱਚ ਪਹਿਲੀ ਵਾਰ ਇਸ ਦੇ ਰੋਗੀ ਵੇਖੇ ਗਏ। ਸੰਨ 2015 ‘ਚ ਬ੍ਰਾਜ਼ੀਲ ਵਿੱਚ ਤਾਂ ਇਸ ਦੇ ਕਾਰਨ ਜੰਮਾਦਰੂ ਮਾਈਕਰੋਸਿਫੈਲੀ ਦੇ ਰੋਗੀਆਂ ਦਾ ਹੜ੍ਹ ਹੀ ਆ ਗਿਆ ਸੀ।

**ਵਰਿੰਦਰ** : ਮਾਈਕਰੋਸਿਫੈਲੀ....? ਇਹ ਕੀ ਹੁੰਦਾ ਹੈ?

**ਡਾ. ਸੁਰਿੰਦਰ** : ਮਾਈਕਰੋਸਿਫੈਲੀ ਦਾ ਅਰਥ ਹੈ ਛੋਟਾ ਸਿਰ। ਉਦੋਂ ਇਹ ਪਾਇਆ ਗਿਆ ਸੀ ਕਿ ਉਸ ਸਮੇਂ ਜਿਹੜੇ ਛੋਟੇ ਸਿਰਾਂ ਵਾਲੇ ਬੱਚੇ ਪੈਦਾ ਹੋ ਰਹੇ ਸਨ ਉਸ ਦਾ ਕਾਰਨ ਸੀ – ਗਰਭਕਾਲ ਦੌਰਾਨ ਮਾਂ ਨੂੰ ਜ਼ੀਕਾ ਵਾਇਰਸ ਦੀ ਲਾਗ ਲੱਗਣਾ।

**ਵਰਿੰਦਰ** : ਓਹ....

**ਡਾ. ਸੁਰਿੰਦਰ** : ਹਾਂ, ਵੈਸੇ ਤਾਂ ਜ਼ੀਕਾ ਵਾਇਰਸ ਰੋਗੀਆਂ ‘ਚ ਖ਼ਤਰਨਾਕ ਲੱਛਣ ਪੈਦਾ ਨਹੀਂ ਕਰਦਾ ਪਰ ਗਰਭਵਤੀ ਔਰਤਾਂ ਨੂੰ ਜੇਕਰ ਜ਼ੀਕਾ ਵਾਇਰਸ ਦੀ ਲਾਗ ਲੱਗ ਜਾਵੇ ਤਾਂ ਉਨ੍ਹਾਂ ਦੇ ਨਵਜਾਤ ਬੱਚਿਆਂ ਦੇ ਸਿਰ ਛੋਟੇ ਹੋ ਜਾਂਦੇ ਹਨ ਅਤੇ ਉਹ ਮੰਦ ਬੁੱਧੀ ਵੀ ਹੋ ਸਕਦੇ ਹਨ।

**ਵਰਿੰਦਰ** : ਤਾਂ ਇਹ ਵੀ ਗਲੋਬਲ ਵਾਰਮਿੰਗ ਦੇ ਕਾਰਨ ਹੈ?

**ਡਾ. ਸੁਰਿੰਦਰ** : ਹਾਂ ਵਰਿੰਦਰ ਬਹੁਤ ਹੱਦ ਤੱਕ। ਗਲੋਬਲ ਵਾਰਮਿੰਗ ਨਾਲ ਇਨ੍ਹਾਂ ਮੱਛਰਾਂ ਦਾ ਏਰੀਆ ਵਧ ਰਿਹਾ ਹੈ।

**ਕਲਿਆਣੀ** : ਅਤੇ ਨਾਲ ਹੀ ਡੇਂਗੂ, ਚਿਕਨਗੁਨੀਆ ਅਤੇ ਜ਼ੀਕਾ ਵਾਇਰਸ ਦਾ ਵੀ, ਕਿਉਂ ਅੰਕਲ?

**ਡਾ. ਸੁਰਿੰਦਰ** : ਬਿਲਕੁਲ, ਇਹੀ ਨਹੀਂ, ਹੈਜ਼ੇ ਬਾਰੇ ਵੀ ਇਸੇ ਤਰ੍ਹਾਂ ਦਾ ਖ਼ਤਰਾ ਮੰਡਰਾ ਰਿਹਾ ਹੈ।

**ਵਰਿੰਦਰ** : ਹੈਜ਼ਾ?

**ਪ੍ਰਸ਼ਾਂਤ** : ਪਰ ਪਿਛਲੇ 50 ਸਾਲਾਂ ਦੌਰਾਨ ਤਾਂ ਇਸ ‘ਚ ਬਹੁਤ ਕਮੀ ਆਈ ਹੈ।

**ਡਾ. ਸੁਰਿੰਦਰ** : ਹਾਂ, ਪ੍ਰਸ਼ਾਂਤ! ਪਰ ਹੈਜ਼ਾ ਵੀ ਫਿਰ ਫੈਲਣ ਲੱਗ ਪਿਆ ਹੈ। ਵਿਕਸਿਤ ਦੇਸ਼ਾਂ ਵਿੱਚ ਵੀ ਹੈਜ਼ੇ ਦੇ ਕਈ ਕਈ ਮਾਮਲੇ ਮਿਲਣ ਲੱਗੇ ਹਨ।

**ਵਰਿੰਦਰ** : ਅਜਿਹਾ ਕਿਉਂ?

**ਡਾ. ਸੁਰਿੰਦਰ** : ਹੈਜ਼ੇ ਨੂੰ ਅਕਸਰ ਮੱਖੀਆਂ ਫੈਲਾਉਂਦੀਆਂ ਹਨ। ਮੱਖੀਆਂ ਗਰਮੀ ਤੇ ਨਮੀ ਵਾਲੀਆਂ ਥਾਵਾਂ ‘ਤੇ ਤੇਜ਼ੀ ਨਾਲ ਪੈਦਾ ਹੁੰਦੀਆਂ ਹਨ। ਵਿਸ਼ਵ ਸਿਹਤ ਸੰਗਠਨ ਦੀ ਸਾਡੀ ਪਿਛਲੀ ਮੀਟਿੰਗ ਵਿੱਚ ਹੈਜ਼ੇ ਦੇ ਮੁੜ ਉਭਰਨ ਨੂੰ ਲੈ ਕੇ ਕਾਫ਼ੀ ਚਿੰਤਾ ਪ੍ਰਗਟ ਕੀਤੀ ਗਈ ਸੀ।

**ਪ੍ਰਸ਼ਾਂਤ** : ਇਸ ਦਾ ਮਤਲਬ ਜੇਕਰ ਗਲੋਬਲ ਵਾਰਮਿੰਗ ਦੇ ਕਾਰਨ ਸਾਲਾਂ ਤੋਂ ਜੰਮੀ ਬਰਫ਼ ਪਿਘਲ ਗਈ ਤਾਂ ਕਈ ਬਿਮਾਰੀਆਂ ਫਿਰ ਤੋਂ ਸਿਰ ਉਠਾ ਸਕਦੀਆਂ ਹਨ।

**ਡਾ. ਸੁਰਿੰਦਰ** : ਹਾਂ, ਇਸ ਲਿਸਟ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਆਉਂਦੀਆਂ ਹਨ ਜਿਸ ਤਰ੍ਹਾਂ ਕਿ ਸਮਾਲਪੌਕਸ ਯਾਣੀ ਚੇਚਕ ਜਿਸ ਨੂੰ ਸੰਨ 1980 ਵਿੱਚ ਧਰਤੀ ਤੋਂ ਸਮਾਪਤ ਹੋਈ ਘੋਸ਼ਤ ਕਰ ਦਿੱਤਾ ਗਿਆ ਸੀ।

**ਕਲਿਆਣੀ** : ਅੰਕਲ, ਕੀ ਗਲੋਬਲ ਵਾਰਮਿੰਗ ਨਾਲ ਬਿਲਕੁਲ ਨਵੀਆਂ ਬਿਮਾਰੀਆਂ ਸਾਹਮਣੇ ਆ ਸਕਦੀਆਂ ਹਨ ਜਿਨ੍ਹਾਂ ਦੀ ਧਰਤੀ 'ਤੇ ਪਹਿਲਾਂ ਕੋਈ ਹੋਂਦ ਹੀ ਨਹੀਂ ਸੀ, ਜਿਨ੍ਹਾਂ ਬਾਰੇ ਸਾਨੂੰ ਕੋਈ ਜਾਣਕਾਰੀ ਵੀ ਨਹੀਂ ਸੀ।

**ਡਾ. ਸੁਰਿੰਦਰ** : ਹਾਂ ਕਲਿਆਣੀ, ਅਜਿਹਾ ਹੋ ਸਕਦਾ ਹੈ। ਸੰਨ 2015 ਵਿੱਚ ਵਿਗਿਆਨੀਆਂ ਨੇ ਸਾਈਬੇਰੀਆ ਵਿੱਚ ਜੰਮੀ ਬਰਫ਼ 'ਚੋਂ ਇੱਕ ਬਹੁਤ ਵੱਡੇ ਵਿਸ਼ਾਣੂ ਦੀ ਖੋਜ ਕੀਤੀ ਜਿਹੜਾ ਕਿ ਤੀਹ ਹਜ਼ਾਰ ਸਾਲ ਤੱਕ ਬਰਫ਼ ਦੀਆਂ ਕਈ ਪਰਤਾਂ 'ਚ ਦੱਬਿਆ ਰਹਿਣ ਤੋਂ ਬਾਅਦ ਵੀ ਸਰਗਰਮ ਸੀ।

**ਵਰਿੰਦਰ** : ਕਮਾਲ ਹੈ!

**ਡਾ. ਸੁਰਿੰਦਰ** : ਪਰ ਚੰਗੀ ਗੱਲ ਇਹ ਹੈ ਕਿ ਇਹ ਕੇਵਲ ਇੱਕ ਪ੍ਰਕਾਰ ਦੇ ਅਮੀਬਾ 'ਤੇ ਹੀ ਹਮਲਾ ਕਰਦਾ ਹੈ।

**ਪ੍ਰਸ਼ਾਂਤ** : ਪਰ ਪਾਲਤੂ ਜਾਨਵਰਾਂ ਜਾਂ ਮਾਨਵ-ਜਾਤੀ 'ਤੇ ਵੀ ਹਮਲਾ ਕਰਨ ਵਾਲਾ ਕੋਈ ਕੀਟਾਣੂ ਵੀ ਤਾਂ ਇਸੇ ਤਰ੍ਹਾਂ ਸਾਹਮਣੇ ਆ ਹੀ ਸਕਦਾ ਹੈ!

**ਕਲਿਆਣੀ** : ਇਹ ਤਾਂ ਬਹੁਤ ਖ਼ਤਰਨਾਕ ਗੱਲ ਹੈ!

**ਡਾ. ਸੁਰਿੰਦਰ** : ਹਾਂ, ਖ਼ਤਰਨਾਕ ਇਸ ਲਈ ਵੀ ਕਿ ਅਜਿਹੀਆ ਬਿਮਾਰੀਆਂ ਦੇ ਹੋਣ ਨਾਲ ਇਨ੍ਹਾਂ ਨਾਲ ਲੜਨ ਲਈ ਸਾਡੇ ਕੋਲ ਕੁਝ ਨਹੀਂ ਹੋਵੇਗਾ, ਨਾ ਦਵਾਈਆਂ, ਨਾ ਟੀਕੇ ਅਤੇ ਨਾ ਹੀ ਬਚਾਓ ਦੇ ਸਾਧਨ।

**ਕਲਿਆਣੀ** : ਅਤੇ ਸਾਡੇ ਸਰੀਰਾਂ ਵਿੱਚ ਵੀ ਅਜਿਹੀਆਂ ਨਵੀਆਂ ਉੱਭਰੀਆਂ ਬਿਮਾਰੀਆਂ ਤੋਂ ਬਚਣ ਲਈ ਰੋਗ-ਰੋਧਕ ਸ਼ਕਤੀ ਨਹੀਂ ਹੋਣੀ।

**ਡਾ. ਸੁਰਿੰਦਰ** : ਕਲਿਆਣੀ, ਵਿਸ਼ਵ ਸਿਹਤ ਸੰਗਠਨ ਨੇ ਅਜਿਹੀਆ 8 ਬਿਮਾਰੀਆਂ ਦੀ ਲਿਸਟ ਜਾਰੀ ਕੀਤੀ ਹੈ ਜਿਹੜੀਆਂ ਮਹਾਂਮਾਰੀ ਵਾਂਗ ਦੁਨੀਆਂ ਨੂੰ ਆਪਣੀ ਲਪੇਟ 'ਚ ਲੈ ਸਕਦੀਆਂ ਹਨ।

**ਵਰਿੰਦਰ** : ਉਹ ਕਿਹੜੀਆਂ ਅੰਕਲ?

**ਡਾ. ਸੁਰਿੰਦਰ** : ਕਰੀਮਿਅਨ ਕਾਂਗੋ ਫੀਵਰ, ਈਬੋਲਾ ਵਾਇਰਸ, ਮਾਰਬਰਗ ਵਾਇਰਸ, ਲਾਸਾ ਫੀਵਰ, ਨਿਪਾਹ ਵਾਇਰਸ, ਰਿਫਟ ਵੈਲੀ ਫੀਵਰ, ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ ਅਤੇ ਸਵੀਅਰ ਐਕਿਊਟ ਰੈਸਪਿਰੇਟਰੀ ਸਿੰਡਰੋਮ। ਇਨ੍ਹਾਂ ਵਿੱਚੋਂ ਪਿਛਲੀਆਂ ਦੋ ਬਿਮਾਰੀਆਂ ਕਾਰਨ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ ਅਤੇ ਇਹ ਵਾਇਰਸ ਦੇ ਕਾਰਨ ਹੁੰਦੀਆਂ ਹਨ।

**ਪ੍ਰਸ਼ਾਂਤ** : ਸ਼ਾਇਦ ਇਨ੍ਹਾਂ 'ਚੋਂ ਜ਼ਿਆਦਾ ਨੂੰ ਰੋਕਣ ਲਈ ਸਾਡੇ ਕੋਲ ਕੋਈ ਵੈਕਸੀਨ ਵੀ ਨਹੀਂ ਹੈ।

**ਡਾ. ਸੁਰਿੰਦਰ** : ਇਹ ਸਾਰੀਆਂ ਬਿਮਾਰੀਆਂ ਵਾਇਰਸ ਨਾਲ ਹੀ ਪੈਦਾ ਹੁੰਦੀਆਂ ਹਨ। ਅਸਲ ਵਿੱਚ ਕਈ ਸਾਲਾਂ ਤੋਂ ਇਨ੍ਹਾਂ ਦਾ ਦਾਇਰਾ ਵਧਦਾ ਹੀ ਜਾ ਰਿਹਾ ਹੈ।

**ਕਲਿਆਣੀ** : ਅਤੇ ਜਦੋਂ ਤੱਕ ਇਨ੍ਹਾਂ ਨਾਲ ਨਿਪਟਣ ਲਈ ਸਹੀ ਦਵਾਈਆਂ ਅਤੇ ਟੀਕੇ ਨਹੀਂ ਬਣਦੇ, ਉਦੋਂ ਤੱਕ ਇਨ੍ਹਾਂ ਨੂੰ ਫੈਲਣ ਤੋਂ ਰੋਕਣ ਲਈ ਬਚਾਅ ਹੀ ਇੱਕ ਉਪਾਅ ਹੈ।

**ਵਰਿੰਦਰ** : ਮਤਲਬ ਕਿ ਗਲੋਬਲ ਵਾਰਮਿੰਗ ਦੀ ਗਤੀ ਨੂੰ ਰੋਕਣਾ।

**ਡਾ. ਸੁਰਿੰਦਰ** : ਇਸ ਲਈ ਜ਼ਰੂਰਤ ਹੈ ਸਮਝਦਾਰੀ ਅਤੇ ਇੱਛਾ ਸ਼ਕਤੀ ਦੀ।

**ਪ੍ਰਸ਼ਾਂਤ** : ਜਿੰਨਾਂ ਵੀ ਸੰਭਵ ਹੋ ਸਕੇ ਸਾਨੂੰ ਗਲੋਬਲ ਵਾਰਮਿੰਗ ਨੂੰ ਵਧਾਉਣ ਵਾਲੀਆਂ ਗਤੀਵਿਧੀਆਂ ‘ਤੇ ਲਗਾਮ ਕਸਣੀ ਹੋਵੇਗੀ।

**ਕਲਿਆਣੀ** : ਸਾਡੀ ਅੱਜ ਦੀ ਸਮਝਦਾਰੀ ਕੱਲ੍ਹ ਲਈ ਜੀਵਨ-ਪ੍ਰਦਾਨ ਕਰਨ ਵਾਲੀ ਸਿੱਧ ਹੋਵੇਗੀ।

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪੰਜਵਾਂ** ......

**ਐਂਕਰ** : ਦੋਸਤੋ, ਅੱਜ ਤੁਸੀਂ ਸੁਣਿਆ “ਗਲੋਬਲ ਵਾਰਮਿੰਗ” ਜਾਂ ਆਲਮੀ ਤਪਸ਼ ਦੇ ਕਾਰਨ ਉਭਰਨ ਵਾਲੀਆਂ ਨਵੀਂਆਂ ਬਿਮਾਰੀਆਂ ਅਤੇ ਉਨ੍ਹਾਂ ਦੇ ਖਤਰੇ ਕਿਨ੍ਹਾਂ ਨੂੰ? ਇਕ ਦਮ ਨਵੀਂਆਂ ਬਿਮਾਰੀਆਂ ਬਾਰੇ ਜਾਣਕਾਰੀ ਮਿਲੀ ਜਿਹੜੀਆਂ ਸ਼ਾਇਦ ਹੁਣ ਆਉਣਗੀਆਂ ਤੇ ਅਸੀਂ ਉਨ੍ਹਾਂ ਸਾਹਮਣੇ ਨਿਹੱਥੇ ਤੇ ਬੇ-ਸਹਾਰਾ ਹੋਵਾਂਗੇ ਅਤੇ ਬਿਨਾਂ ਇਲਾਜ ਦੇ ਇਨ੍ਹਾਂ ਦਾ ਕਹਿਰ ਵੇਖਦੇ ਰਹਾਂਗੇ। ਜੇਕਰ ਇਹ ਕਹੀਏ ਕਿ ਅਸੀਂ ਇਨ੍ਹਾਂ ਤੋਂ ਪੂਰੀ ਤਰ੍ਹਾਂ ਬਚ ਸਕਦੇ ਹਾਂ – ਆਲਮੀ ਤਪਸ਼ ‘ਤੇ ਰੋਕ ਲਗਾ ਕੇ .... ਤਾਂ ਇਹ ਵੀ ਕੋਈ ਸਹੀ ਕਥਨ ਨਹੀਂ ਹੋਵੇਗਾ ਕਿਉਂਕਿ ਬਹੁਤ ਸਾਰੇ ਕਾਰਨ ਜਾਂ ਤਾਂ ਸਾਡੇ ਵਸ ਵਿੱਚ ਨਹੀਂ ਜਾਂ ਫਿਰ ਸਾਡੇ ਲਈ ਬਹੁਤ ਜ਼ਰੂਰੀ ਹਨ। ਹਾਂ, ਅਸੀਂ ਕੋਸ਼ਿਸ਼ ਕਰਕੇ ਇਨ੍ਹਾਂ ਵਿੱਚ ਐਨੀ ਕੁ ਕਮੀ ਜ਼ਰੂਰ ਕਰ ਸਕਦੇ ਹਾਂ ਕਿ ਸਾਨੂੰ ਐਨਾ ਸਮਾਂ ਮਿਲ ਜਾਵੇ ਕਿ ਅਸੀਂ ਇਨ੍ਹਾਂ ਮੁਸੀਬਤਾਂ ਲਈ ਆਪਣੇ-ਆਪ ਨੂੰ ਤਿਆਰ ਕਰ ਸਕੀਏ। ਤਾਂ ਸਪਸ਼ਟ ਹੈ ਕਿ ਸਾਨੂੰ ਆਪਣੇ ਇਹ ਯਤਨ, ਅੱਜ ਤੋਂ ਹੀ ਹੁਣੇ ਤੋਂ ਹੀ ਕਰਨੇ ਪੈਣੇ ਨੇ ਸ਼ੁਰੂ...........................

ਰੇਡੀਓ ਲੜੀਵਾਰ ਕਿਉਂ ਬਦਲ ਰਹੀ ਹੈਂ ਫਿਜ਼ਾਏਂ ਦੀ ਅਗਲੀ ਕੜੀ ਅੱਜ ਦੇ ਹੀ ਦਿਨ ਅੱਜ ਦੇ ਸਮੇਂ ਸੁਣਨਾ ਨਾ ਭੁੱਲਿਓ, ਉਦੋਂ ਤੱਕ ਅਲਵਿਦਾ , ਨਮਸਕਾਰ , ਸੱਤ ਸ੍ਰੀ ਅਕਾਲ !

---

## ਪ੍ਰਸ਼ਨ

ਪ੍ਰਸ਼ਨ 1 : **ਤਾਪਮਾਨ ਵਧਣ ਕਾਰਨ ਨਵੀਆਂ ਬਿਮਾਰੀਆਂ ਕਿਵੇਂ ਪਨਪ ਸਕਦੀਆਂ ਹਨ?**

ਉੱਤਰ : **ਇਸ ਆਲਮੀ ਤਪਸ਼ ਕਾਰਨ ਬਰਫ ਪਿਘਲਣ ਨਾਲ ਬਹੁਤ ਪ੍ਰਾਚੀਨ ਕਾਲ ਦੇ ਬਰਫ ਵਿੱਚ ਦਬੇ ਪਏ ਰੋਗਾਣੂ ਸੁਰਜੀਤ ਹੋ ਸਕਦੇ ਹਨ!**

ਪ੍ਰਸ਼ਨ 2 : **ਨਵੀਆਂ ਪਨਪਦੀਆਂ ਬਿਮਾਰੀਆਂ ਦਾ ਵੱਧ ਖਤਰਾ ਕਿਉਂ?**

ਉੱਤਰ : **ਕਿਉਂ ਜੋ ਉਨ੍ਹਾਂ ਪ੍ਰਤੀ ਸਰੀਰ ਵਿੱਚ ਰੋਗ ਰੋਧਕ ਸ਼ਕਤੀ ਨਹੀਂ, ਬੀਮਾਰੀ ਰੋਕੂ ਟੀਕੇ ਨਹੀਂ ਤੇ ਇਨ੍ਹਾਂ ਨਵੀਆਂ ਬਿਮਾਰੀਆਂ ਦੇ ਇਲਾਜ ਵਾਸਤੇ ਦਵਾਈਆਂ ਨਹੀਂ!**